


ਰੋਜ਼ਾਨਾ

ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : Lokbani08@gmail.com

ਸੋਮਵਾਰ, 8 ਮਈ 2023 ਮੁੱਖ ਸੰਪਾਦਕ:-ਅਮਨ ਮਹਿਰਾ

ਜਲੰਧਰ

RNI .PUNPUN/29016/2008 | ਸਾਲ 15 | ਅੰਕ 124 | ਮੁੱਲ 5ਰੁਪਏ | ਕੁੱਲ ਪੇਜ਼ 10 | ਫੈਕਸ: 0181-2211009,99155-94111








## ਬਰਤਾਨੀਆ ਦੇ ਮਹਾਰਾਜਾ ਵਜੋਂ ਹੋਈ ਚਾਰਲਸ ਦੀ ਤਾਜਪੋਸ਼ੀ

ਲੰਡਨ (ਲੋਕ ਬਾਣੀ) ਕਿੰਗ' ਚਾਰਲਸ (ਤੀਜੇ) ਦੀ ਅੱਜ ਅਧਿਕਾਰਤ ਤੌਰ 'ਤੇ ਬਰਤਾਨੀਆ (ਯੂਕੇ) ਦੇ ਮਹਾਰਾਜਾ ਵਜੋਂ ਤਾਜਪੋਸ਼ੀ ਕਰ ਦਿੱਤੀ ਗਈ। ਇੱਥੇ ਵੈਸਟਮਿੰਸਟਰ ਐਬੇ ਵਿਚ ਹੋਏ ਇਕ ਸ਼ਾਨਦਾਰ ਸਮਾਗਮ ਦੌਰਾਨ ਸ਼ਾਹੀ ਤਾਜ ਮਹਾਰਾਜਾ ਚਾਰਲਸ ਦੇ ਸਿਰ 'ਤੇ ਸਜਾਇਆ ਗਿਆ। ਇਸ ਮੌਕੇ 70 ਸਾਲ ਪਹਿਲਾਂ ਉਨ੍ਹਾਂ ਦੀ ਮਾਂ ਮਹਾਰਾਣੀ ਐਲਿਜ਼ਾਬੈੱਥ ਦੀ ਹੋਈ ਤਾਜਪੋਸ਼ੀ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਕਰੀਬ ਹਜ਼ਾਰ ਸਾਲ ਪੁਰਾਣੀ ਧਾਰਮਿਕ ਰਸਮ ਮੌਕੇ 'ਆਰਚਬਿਸ਼ਪ ਆਫ਼ ਕੈਂਟਰਬਰੀ' ਨੇ ਚਾਰਲਸ ਨੂੰ ਸਹੁੰ ਚੁਕਾਈ। ਇਸ ਮੌਕੇ ਬਰਤਾਨੀਆ ਦੇ ਪਹਿਲੇ ਹਿੰਦੂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਵੱਲੋਂ ਵੀ ਇਕ 'ਰੀਡਿੰਗ' ਕੀਤੀ ਗਈ। ਭਾਰਤ ਵੱਲੋਂ ਇਸ ਮੌਕੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਤੇ ਉਨ੍ਹਾਂ ਦੀ ਪਤਨੀ ਡਾ. ਸੁਦੇਸ਼ ਧਨਖੜ ਹਾਜ਼ਰ ਸਨ। ਉਹ ਰਾਸ਼ਟਰਮੰਡਲ ਦੇਸ਼ਾਂ ਦੇ ਕਈ ਹੋਰ ਪ੍ਰਤੀਨਿਧੀਆਂ ਦੇ ਨਾਲ ਬੈਠੇ। ਰਾਣੀ ਕੈਮਿਲਾ ਨੇ ਇਸ ਮੌਕੇ ਰਾਣੀ ਮੈਰੀ ਦਾ 1911 ਵਿਚ ਡਿਜ਼ਾਈਨ ਕੀਤਾ ਹੀਰਿਆਂ ਜੜਿਆਂ ਤਾਜ ਪਹਿਨਿਆ। ਇਸ ਮੌਕੇ ਭਾਰਤੀ ਮੂਲ




ਦੇ ਹਾਜ਼ਰ ਲੋਕਾਂ ਵਿਚ 'ਬੀਈਐਮ' ਨਾਲ ਸਨਮਾਨਿਤ ਬੰਸਰੀ ਰੂਪਾਰੇਲੀਆ, ਮੰਜੂ ਮੱਲ੍ਹੀ, ਜੈ ਪਟੇਲ ਤੇ ਹੋਰ ਹਾਜ਼ਰ ਸਨ। ਤਾਜਪੋਸ਼ੀ ਦੀ ਇਸ ਪਵਿੱਤਰ ਰਸਮ ਮੌਕੇ ਚਾਰਲਸ ਤੇ ਉਨ੍ਹਾਂ ਦੀ ਪਤਨੀ ਕੈਮਿਲਾ ਦਾ ਪ੍ਰਤੀਕਾਤਮਕ ਤੌਰ 'ਤੇ ਮੁੜ ਵਿਆਹ ਕੀਤਾ ਗਿਆ, ਤੇ ਦੋਵਾਂ ਨੂੰ ਇਕੱਠਿਆਂ ਪ੍ਰਮਾਤਮਾ ਅੱਗੇ ਸੇਵਾ ਵਿਚ ਰਹਿਣ ਦੀ ਸਹੁੰ ਚੁਕਾਈ ਗਈ। ਜ਼ਿਕਰਯੋਗ ਹੈ ਕਿ ਵਿਲੀਅਮ 'ਦਿ ਕੌਨਕੁਐਰਰ' ਦੀ ਸੰਨ 1066 ਵਿਚ ਤਾਜਪੋਸ਼ੀ ਤੋਂ ਲੈ ਕੇ ਹੁਣ ਤੱਕ ਵੈਸਟਮਿੰਸਟਰ ਐਬੇ ਵਿਚ ਹੀ ਹਰ ਅਗਲੇ ਮਹਾਰਾਜਾ-ਮਹਾਰਾਣੀ ਦੀ ਤਾਪਜੋਸ਼ੀ ਹੁੰਦੀ ਰਹੀ ਹੈ।

## ਅਮਰੀਕਾ ਵਿੱਚ ਫਾਇਰਿੰਗ ਦੌਰਾਨ 8 ਦੀ ਹੋਈ ਮੌਤ



ਐਲਨ (ਲੋਕ ਬਾਣੀ) ਇਥੋਂ ਦੇ ਇਕ ਮੌਲ ਵਿਚ ਇਕ ਹਮਲਾਵਰ ਨੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਅੱਠ ਜਣਿਆਂ ਨੂੰ ਮਾਰ ਦਿੱਤਾ, ਇਸ ਗੋਲੀਬਾਰੀ ਵਿਚ ਸੱਤ ਜਣੇ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਤਿੰਨ ਦੀ ਹਾਲਤ ਗੰਭੀਰ ਹੈ। ਅਮਰੀਕੀ ਪੁਲੀਸ ਅਧਿਕਾਰੀਆਂ ਨੇ ਇਸ ਘਟਨਾ ਦੇ ਵੇਰਵੇ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਹਨ ਤੇ ਇਸ ਸਬੰਧੀ ਵੀਡੀਓ ਵੀ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਪੁਲੀਸ ਵਲੋਂ ਜਵਾਬੀ ਕਾਰਵਾਈ ਵਿਚ ਹਮਲਾਵਰ ਦੀ ਵੀ ਮੌਤ ਹੋ ਗਈ।

## ਹਿਮਾਚਲ ਪ੍ਰਦੇਸ਼ ਚ ਹੋਈ ਬਰਫਬਾਰੀ ਕਾਰਨ ਠੰਡ ਵਧੀ



ਕਿਲੌਂਗ/ਸ਼ਿਮਲਾ (ਲੋਕ ਬਾਣੀ) ਹਿਮਾਚਲ ਪ੍ਰਦੇਸ਼ ਦੇ ਮੱਧ ਅਤੇ ਉੱਚੀਆਂ ਪਹਾੜੀਆਂ ਵਿੱਚ ਤਾਜ਼ਾ ਬਰਫਬਾਰੀ ਹੋਣ ਕਾਰਨ ਠੰਢ ਵਧ ਗਈ ਹੈ। ਇਸ ਤੋਂ ਇਲਾਵਾ ਸੂਬੇ ਦੇ ਕਈ ਹਿੱਸਿਆਂ ਵਿੱਚ ਗਰਜ਼-ਤੂਫ਼ਾਨ ਨਾਲ ਦਰਮਿਆਨਾ ਮੀਂਹ ਪਿਆ। ਲਾਹੌਲ ਅਤੇ ਸਪਿਤੀ ਜ਼ਿਲ੍ਹੇ ਦੇ ਗੋਂਡਲਾ ਅਤੇ ਕਿਲੌਂਗ ਵਿੱਚ 5.5 ਸੈਂਟੀਮੀਟਰ ਅਤੇ 3.2 ਸੈਂਟੀਮੀਟਰ ਬਰਫ਼ਬਾਰੀ ਹੋਈ ਹੈ, ਜਦੋਂ ਕਿ ਚੰਬਾ ਦੇ ਭਰਮੌਰ ਵਿੱਚ ਸਭ ਤੋਂ ਵੱਧ 30 ਮਿਲੀਮੀਟਰ, ਮੰਡੀ ਦੇ ਜੋਗਿੰਦਰਨਗਰ ਵਿੱਚ 19 ਮਿਲੀਮੀਟਰ ਅਤੇ ਬੰਜਰ ਵਿੱਚ 18.2 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ ਹੈ। ਹਿਮਾਚਲ ਵਿਚ ਤਾਜ਼ਾ ਬਰਫ਼ਬਾਰੀ ਅਤੇ ਮੀਂਹ ਕਾਰਨ ਘੱਟੋ-ਘੱਟ ਤਾਪਮਾਨ ਵਿੱਚ ਭਾਰੀ ਗਿਰਾਵਟ ਆਈ ਹੈ। ਇਥੇ ਤਾਪਮਾਨ ਆਮ ਨਾਲੋਂ ਦੋ ਤੋਂ ਅੱਠ ਡਿਗਰੀ ਘੱਟ ਗਿਆ ਹੈ। ਸੁੰਦਰਨਗਰ, ਸ਼ਮਿਲਾ, ਭੁੰਤਰ, ਕਾਂਗੜਾ, ਨਾਹਨ ਅਤੇ ਨੂਰਪੁਰ ਦੇ ਕੁਝ ਹਿੱਸਿਆਂ ਵਿੱਚ ਝੱਖੜ ਵੀ ਆਇਆ। ਇਸ ਤੋਂ ਇਲਾਵਾ ਹਮੀਰਪੁਰ, ਬਿਲਾਸਪੁਰ ਅਤੇ ਊਨਾ ਤੋਂ ਫਸਲਾਂ ਅਤੇ ਫਲਾਂ ਦਾ ਨੁਕਸਾਨ ਹੋਣ ਦੀਆਂ ਵੀ ਖਬਰਾਂ ਹਨ।


## ਕਿਸਾਨਾਂ ਨੇ ਦਿੱਤਾ ਪਹਿਲਵਾਨ ਮਾਮਲੇ ਵਿੱਚ ਸਰਕਾਰ ਨੂੰ 15 ਦਿਨ ਦਾ ਅਲਟੀਮੇਟਮ

ਦਿੱਲੀ ( ਕਪੂਰ ) ਦਿੱਲੀ ਦੇ ਜੰਤਰ ਮੰਤਰ 'ਤੇ ਪਹਿਲਵਾਨ 23 ਅਪਰੈਲ ਤੋਂ ਪ੍ਰਦਰਸ਼ਨ ਕਰ ਰਹੇ ਹਨ। ਉਹ ਐਸੋਸੀਏਸ਼ਨ ਮੁਖੀ ਬ੍ਰਿਜਭੂਸ਼ਣ ਦੀ ਗ੍ਰਿਫ਼ਤਾਰੀ ਮੰਗ ਰਹੇ ਹਨ ਪਰ ਕੋਈ ਕਾਰਵਾਈ ਨਾ ਹੋਣ ਤੇ ਅੱਜ ਕਿਸਾਨਾਂ ਤੇ ਖਾਪ ਪੰਚਾਇਤਾਂ ਵਲੋਂ ਸਮਰਥਨ ਮਿਲਣ ਤੋਂ ਬਾਅਦ ਪਹਿਲਵਾਨਾਂ ਤੇ ਕਿਸਾਨਾਂ ਨੇ ਸਾਂਝੀ ਪ੍ਰੈਸ ਕਾਨਫਰੰਸ ਕਰਦਿਆਂ ਸਰਕਾਰ ਨੂੰ ਅਲਟੀਮੇਟਮ ਦਿੱਤਾ ਹੈ ਕਿ ਜੇ ਬ੍ਰਿਜਭੂਸ਼ਣ ਦੀ 15 ਦਿਨਾਂ ਅੰਦਰ ਗ੍ਰਿਫ਼ਤਾਰੀ ਨਾ ਹੋਈ ਤਾਂ ਵੱਡਾ ਫੈਸਲਾ ਲਿਆ ਜਾਵੇਗਾ। ਇਸ ਤੋਂ ਪਹਿਲਾਂ ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੇ ਹੱਕ ਵਿਚ ਅੱਜ ਕਿਸਾਨ ਤੇ ਖਾਪ ਪੰਚਾਇਤਾਂ ਜੁਟ ਗਈਆਂ। ਇਸ ਮੌਕੇ ਬੀਕੇਯੂ (ਉਗਰਾਹਾਂ) ਦੇ ਕਈ ਕਾਰਕੁਨ ਵੀ ਧਰਨਾਕਾਰੀਆਂ ਕੋਲ ਪੁੱਜੇ ਤੇ ਪ੍ਰਦਰਸ਼ਨ ਕੀਤਾ।



## ਫੌਜ ਕਰ ਰਹੀ ਹੈ ਜੰਮੂ ਕਸ਼ਮੀਰ ਦੇ ਰਾਜੋਰੀ ਵਿੱਚ ਤਲਾਸ਼ੀ

ਰਾਜੌਰੀ/ਜੰਮੂ (ਲੋਕ ਬਾਣੀ) ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਅਤੇ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਜੰਗਲੀ ਕੰਢੀ ਖੇਤਰ ਵਿੱਚ ਲੁਕੇ ਹੋਏ ਦਹਿਸ਼ਤਗਰਦਾਂ ਦਾ ਹਾਲੇ ਤਕ ਪਤਾ ਨਹੀਂ ਲੱਗਿਆ। ਇਸ ਸਬੰਧੀ ਫੌਜ ਵਲੋਂ ਤਲਾਸ਼ੀ ਮੁਹਿੰਮ ਤੀਜੇ ਦਿਨ ਵੀ ਜਾਰੀ ਹੈ। ਜ਼ਿਕਰਯੋਗ ਹੈ ਕਿ ਇਸ ਸਾਲ ਦੇ ਸ਼ੁਰੂ 'ਚ ਰਾਜੌਰੀ ਦੇ ਪਿੰਡ ਢਾਂਗਰੀ 'ਚ ਦਹਿਸ਼ਤਗਰਦਾਂ ਦੇ ਹਮਲੇ ਵਿਚ ਫੌਜ ਦੇ ਪੰਜ ਜਵਾਨ ਮਾਰੇ ਗਏ ਸਨ ਤੇ ਇਕ ਦਹਿਸ਼ਤਗਰਦ ਵੀ ਮਾਰਿਆ ਗਿਆ ਸੀ, ਜਦੋਂ ਕਿ ਇਕ ਮੇਜਰ ਰੈਂਕ ਦਾ ਅਧਿਕਾਰੀ ਜ਼ਖਮੀ ਹੋ ਗਿਆ ਸੀ।



## ਪੰਜਾਬ ਹਰਿਆਣਾ ਹਿਮਾਚਲ ਵਿੱਚ ਮੀਂਹ ਪੈਣ ਨਾਲ ਗਰਮੀ ਤੋਂ ਮਿਲੀ ਰਾਹਤ



ਚੰਡੀਗੜ੍ਹ (ਵਿਨੋਦ ਸ਼ਰਮਾ) ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਦੇ ਕੁਝ ਹਿੱਸਿਆਂ ਵਿੱਚ ਅੱਜ ਸਵੇਰੇ ਤੇਜ਼ ਮੀਂਹ ਪਿਆ, ਜਿਸ ਕਾਰਨ ਤਾਪਮਾਨ ਵਿੱਚ ਗਿਰਾਵਟ ਦਰਜ ਕੀਤੀ ਗਈ। ਇੱਥੋਂ ਦੇ ਮੌਸਮ ਵਿਭਾਗ ਅਨੁਸਾਰ ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ, ਗੁਰਦਾਸਪੁਰ, ਜਲੰਧਰ, ਮੁਹਾਲੀ ਅਤੇ ਰੂਪਨਗਰ ਵਿੱਚ ਮੀਂਹ ਪਿਆ। ਇਸ ਤੋਂ ਇਲਾਵਾ ਹਰਿਆਣਾ ਦੇ ਰੋਹਤਕ, ਭਿਵਾਨੀ ਅਤੇ ਝੱਜਰ ਵਿੱਚ ਵੀ ਸਵੇਰੇ ਹਲਕਾ ਮੀਂਹ ਪਿਆ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਵੀ ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਮੀਂਹ ਪਿਆ ਸੀ ਜਿਸ ਕਾਰਨ ਤਾਪਮਾਨ ਆਮ ਨਾਲੋਂ ਹੇਠਾਂ ਆ ਗਿਆ ਸੀ।

## ਜਲੰਧਰ ਚ ਮਜੀਠੀਆ ਨੇ ਲਾਏ ਮੁੱਖ ਮੰਤਰੀ ਤੇ ਗੰਭੀਰ ਇਲਜਾਮ

ਜਲੰਧਰ (ਰਾਕੇਸ਼ ਵਰਮਾ) ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਜਲੰਧਰ ਵਿਖੇ ਪ੍ਰੈੱਸ ਵਾਰਤਾ ਦੌਰਾਨ ਕੈਬਨਿਟ ਮੰਤਰੀ ਲਾਲਚੰਦ ਕਟਾਰੂਚੱਕ ਨੂੰ ਲੈ ਕੇ ਪੰਜਾਬ ਸਰਕਾਰ ਉੱਪਰ ਤਿੱਖੇ ਨਿਸ਼ਾਨੇ ਸਾਧੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਲਾਰਾ ਲਗਾਇਆ ਹੈ। ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ 'ਤੇ ਮੁੱਖ ਮੰਤਰੀ ਦਸਤਖ਼ਤ ਨਹੀਂ ਕਰ ਰਹੇ।







JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA

# ਓਲੰਪੀਅਨ ਮਹਾਨ ਮੁੱਕੇਬਾਜ਼ ਪਦਮ ਸ੍ਰੀ ਕੌਰ ਸਿੰਘ ਨਮਿਤ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ ਭੇਟ

## ਖਨਾਲ ਖੁਰਦ ਦੇ ਸਰਕਾਰੀ ਸਕੂਲ ਦਾ ਨਾਮ ਸੂਬੇਦਾਰ ਕੌਰ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ - ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

ਸ਼ੇਰਪੁਰ ( ਹਰਜੀਤ ਸਿੰਘ ਕਾਤਿਲ ) ਓਲੰਪੀਅਨ ਮੁੱਕੇਬਾਜ਼ ਪਦਮ ਸ੍ਰੀ,ਅਰਜਨ ਐਵਾਰਡ, ਵਿਸ਼ਿਸ਼ਟ ਸੈਨਾ ਅਵਾਰਡੀ ਕੌਰ ਸਿੰਘ ਨਮਿਤ ਪਾਠ ਦੇਭੋਗ ਅਤੇ ਅੰਤਿਮ ਅਰਦਾਸ ਮੌਕੇ ਅੱਜ ਵੱਡੀ ਗਿਣਤੀ ਵਿੱਚ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਵਿਛੜੀ ਰੂਹ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ । ਪਿੰਡਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਰਧਾਂਜਲੀ ਸਮਾਰੋਹ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟਕਰਦਿਆਂ ਸਵ. ਕੌਰ ਸਿੰਘ ਵੱਲੋਂ ਖੇਡਾਂ ਦੇ ਖੇਤਰ ਵਿੱਚ ਪਾਏ ਬੇਮਿਸਾਲ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ. ਕੌਰ ਸਿੰਘ ਦੀ ਜੀਵਨੀਨੂੰ ਸਕੂਲੀ ਸਿਲੇਬਸ ਦਾ ਹਿੱਸਾ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਮਹਾਨ ਮੁੱਕੇਬਾਜ਼ ਦੀ ਦੇਣ ਨੂੰ ਸਿਜਦਾ ਕਰਦਿਆਂ ਪਿੰਡ ਖਨਾਲਖੁਰਦ ਦੇ ਸਰਕਾਰੀ ਸਕੂਲ ਦਾ ਨਾਮ ਸੂਬੇਦਾਰ ਕੌਰ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ। ਕੈਬਨਿਟ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਖਨਾਲ ਖੁਰਦਜਿਹੇ ਛੋਟੇ ਜਿਹੇ ਪਿੰਡ ਵਿੱਚੋਂ ਉੱਠ ਕੇ ਸ੍ਰੀ ਕੌਰ ਸਿੰਘ ਨੇ ਮੁੱਕੇਬਾਜ਼ੀ ਵਿੱਚ ਆਪਣਾ ਲੋਹਾ ਮੰਨਵਾਇਆ ਅਤੇ ਬੇਹੱਦ ਸੀਮਤ ਸਾਧਨਾਂ ਦੇ ਬਾਵਜੂਦ ਕੌਮੀ ਤੇ ਕੌਮਾਂਤਰੀਪੱਧਰ ਉੱਤੇ ਸ਼ਾਨਦਾਰ ਜਿੱਤਾਂ ਦਰਜ ਕਰਕੇ ਪੂਰੀ ਦੁਨੀਆਂ ਵਿੱਚ ਨਾਮਣਾ ਖੱਟਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਪਦਮ ਸ੍ਰੀ ਕੌਰ ਸਿੰਘ ਦੀ ਇਸ ਦੇਣ ਨੂੰ ਕਦੇ ਵੀਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਸਲਾਹ ਨਾਲ ਪੰਜਾਬ ਸਰਕਾਰ ਵੱਲੋਂ ਛੇਤੀ ਹੀ ਓਲੰਪੀਅਨ ਮੁੱਕੇਬਾਜ਼ ਕੌਰ ਸਿੰਘ ਦੀ ਯਾਦ ਵਿੱਚਯਾਦਗਾਰ ਦੀ ਉਸਾਰੀ ਕੀਤੀ ਜਾਵੇਗੀ ਤਾਂ ਜੋ ਬੱਚੇ ਅਤੇ ਨੌਜਵਾਨ ਪੀੜ੍ਹੀ ਇਸ ਮਹਾਨ ਮੁੱਕੇਬਾਜ਼ ਦੇ ਜੀਵਨ ਤੋਂ ਸੇਧ ਲੈ ਸਕਣ। ਵਿੱਤ ਮੰਤਰੀ ਸ੍ਰੀ ਚੀਮਾ ਨੇ ਕਿਹਾ ਕਿਕੌਰ ਸਿੰਘ ਇੱਕ ਸੰਸਥਾ ਸਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਹੋਰਨਾਂ ਨੂੰ ਰਾਹ ਦਿਖਾਉਣ ਅਤੇ ਪ੍ਰੇਰਨਾ ਦੇਣ ਵਿੱਚ ਬਤੀਤ ਕੀਤਾ ਅਤੇ ਉਨ੍ਹਾਂ ਤੋਂ ਸੇਧ ਲੈ ਕੇ ਅੱਜ ਬਹੁਗਿਣਤੀ ਖਿਡਾਰੀ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਮੱਲਾਂ ਮਾਰ ਰਹੇ ਹਨ। ਇਸ ਮੌਕੇ ਕੌਰ ਸਿੰਘ ਦੇ ਕੋਚ, ਦਰੋਣਾਚਾਰੀਆ ਐਵਾਰਡੀ ਗੁਰਬਖ਼ਸ਼ ਸਿੰਘ ਸੰਧੂ ਨੇ ਰੋਜ਼ਾਨਾਂਪੰਜਾਬ ਟਾਈਮਜ਼ ਨਾਲ ਗੱਲਬਾਤ ਕਰਦੇ ਹੋਏ ਕੌਰ ਸਿੰਘ ਦੀ ਖੇਡ ਨੂੰ ਯਾਦ ਕਰਦਿਆਂ ਕਿਹਾ ਕਿ ਜਦੋਂ ਵੀ ਰਿੰਗ ਵਿੱਚ ਉਤਰਨ ਮੌਕੇ ਬੜੇ ਉਤਸ਼ਾਹ ਨਾਲ ਕਹਿਣਾਸਰ ਜਿੱਤ ਪੱਕੀ ਹੈ । ਉਨ੍ਹਾਂ ਕਿਹਾ ਕੌਰ ਸਿੰਘ ਨੂੰ ਮੁੱਕੇਬਾਜ਼ੀ ਦੇ ਇਤਿਹਾਸ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ । ਸੂਬੇਦਾਰ ਕੌਰ ਸਿੰਘ ਦੀ ਰੈਜੀਮੈਂਟ 10 ਸਿੱਖ ਵਿੱਚੋਪੁੱਜੇ ਵੱਡੀ ਗਿਣਤੀ ਸਾਬਕਾ ਸੈਨਿਕਾਂ ਨੇ ਲੈਫ ਜਨਰਲ ਜਗਬੀਰ ਸਿੰਘ ਚੀਮਾ (ਰਿਟਾ .) ਅਤੇ ਕਰਨਲ ਅਜੇ ਸ਼ਰਮਾਂ (ਰਿਟਾ.) ਦੀ ਅਗਵਾਈ ਹੇਠ ਸੂਬੇਦਾਰ ਕੌਰਸਿੰਘ ਦੇ ਸਪੁੱਤਰ ਦੇ ਸਿਰ ਉੱਤੇ ਪੱਗ ਸਜਾਈ ਅਤੇ ਹਰ ਸਮੇਂ ਪਰਿਵਾਰ ਨਾਲ ਖੜੇ ਹੋਣ ਦਾ ਅਹਿਦ ਲਿਆ । ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਰਣਜੀਤ ਕੌਰ , ਏਆਈ ਜੀ ਗੁਰਮੀਤ ਸਿੰਘ, ਐਸਐਸਪੀ ਵਿਜੀਲੈਂਸ ਹਰਪਾਲ ਸਿੰਘ, ਲੈਫ ਜਨਰਲ ਜਗਬੀਰ ਸਿੰਘ ਚੀਮਾ (ਰਿਟਾ .) , ਕਰਨਲ ਅਜੈ ਸ਼ਰਮਾਂ (ਰਿਟਾ.) , ਐਸ ਡੀਐਮ ਦਿੜ੍ਹਬਾ ਰਾਜੇਸ਼ ਕੁਮਾਰ ਸ਼ਰਮਾ, ਡੀ ਐਸ ਪੀ ਪ੍ਰਿਥਵੀ ਸਿੰਘ ਚਾਹਲ, ਕੈਪਟਨ ਨਾਜ਼ਰ ਸਿੰਘ , ਗੁਰਚਰਨ ਸਿੰਘ , ਚੰਨਣ ਸਿੰਘ , ਸੁਖਵੰਤ ਸਿੰਘ , ਬੱਲਮਸਿੰਘ, ਮਨਜੀਤ ਸਿੰਘ , ਸੂਬੇਦਾਰ ਮੇਜਰ ਹਰਜੀਤ ਸਿੰਘ , ਪ੍ਰੇਮ ਸ਼ਰਮਾ, ਜ਼ਲ੍ਹਿਾ ਖੇਡ ਅਫ਼ਸਰ ਰਣਬੀਰ ਸਿੰਘ ਭੰਗੂ , ਕੈਪਟਨ ਗੁਲਾਬ ਸਿੰਘ , ਬਲਦੇਵ ਸਿੰਘਜਨੂਹਾ , ਆੜਤੀਆਂ ਐਸੋਸੀਏਸ਼ਨ ਦੇ ਪ੍ਰਧਾਨ ਦਰਸ਼ਨ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਗੁਲਜ਼ਾਰ ਸਿੰਘ ਮੂਣਕ, ਬਲਕਾਰ ਸਿੰਘ ਘੁਮਾਣ, ਅੰਤਰਰਾਸ਼ਟਰੀ ਕਬੱਡੀ ਕੋਚ ਗੁਰਮੇਲ ਸਿੰਘ, ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ ਦੇ ਜ਼ਲਿ੍ਹਾ ਪ੍ਰਧਾਨ ਹਰਜੀਤ ਸਿੰਘ ਸਜੂਮਾ, ਕਰਨੈਲ ਸਿੰਘ ਫੌਜੀ, ਫਲਾਇੰਗਅਫਸਰ ਕਮਲ ਵਰਮਾ, ਸੰਦੀਪ ਕੌਰ ਕੌਹਰੀਆਂ, ਬਲਜਿੰਦਰ ਕੌਰ ਮਾਂਗੇਵਾਲ , ਸੁਖਦੇਵ ਸਿੰਘ ਕਿਲਾ ਹਕੀਮਾਂ , ਰੂਪ ਸਿੰਘ , ਪ੍ਰਿਤਪਾਲ ਸਿੰਘ, ਸਤਨਾਮ ਸਿੰਘਉੱਪਲ, ਸਮੇਤ ਵੱਡੀ ਗਿਣਤੀ ਵਿੱਚ ਖੇਡ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਵਿਛੜੀ ਰੂਹ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।



ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਅਤੇ ਹੋਰ ਦ੍ਰਿਸ਼ ।

# ਅਸ਼ਵਨੀ ਸ਼ਰਮਾ ਦੀ ਅਗੁਵਾਈ ਹੇਠ ਸਾਬਕਾ ਕੈਬਿਨੇਟ ਮੰਤਰੀ ਦਾ ਪੁੱਤਰ ਭਾਜਪਾ ਚ ਹੋਇਆ ਸ਼ਾਮਿਲ

ਜਲੰਧਰ (ਲੋਕ ਬਾਣੀ) ਅੱਜ ਭਾਜਪਾ ਨੂੰ ਉਦੋਂ ਹੋਰ ਬਲ ਮਿਲਿਆ ਜਦੋਂ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗੁਵਾਈ ਹੇਠ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਕੌਮੀ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੀ ਮੋਜੂਦਗੀ 'ਚ ਆਲ ਇੰਡੀਆ ਬੱਸ ਬੋਡੀ ਬਿਲਡਰ ਐਸੋਸੀਏਸ਼ਨ ਦੇ ਚੇਅਰਮੈਨ ਗੁਰਜੀਤ ਸਿੰਘ ਸੰਘੇੜਾ (ਪੁੱਤਰ ਸਾਬਕਾ ਕੈਬਿਨੇਟ ਮੰਤਰੀ ਪੰਜਾਬ) ਆਪਣੇ ਸਾਥੀਆਂ ਸਮੇਤ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ। ਅਸ਼ਵਨੀ ਸ਼ਰਮਾ ਅਤੇ ਇਕਬਾਲ ਸਿੰਘ ਲਾਲਪੁਰਾ ਨੇ ਗੁਰਜੀਤ ਸਿੰਘ ਸੰਘੇੜਾ ਅਤੇ ਉਹਨਾਂ ਦੇ ਸਾਥੀਆਂ ਨੂੰ ਭਾਜਪਾ ਪਰਿਵਾਰ 'ਚ ਸ਼ਾਮਿਲ ਹੋਣ 'ਤੇ ਵਧਾਈ ਦਿੰਦਿਆਂ ਭਾਜਪਾ ਪਰਿਵਾਰ 'ਚ ਸ਼ਾਮਿਲ ਹੋਏ ਸਾਰੇ ਨਵੇਂ ਮੈਂਬਰਾਂ ਨੂੰ ਪਾਰਟੀ ਦਾ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਸ਼ਰਮਾ ਨੇ ਕਿਹਾ ਕਿ ਇਸ ਸਾਰੇ ਪ੍ਰਧਾਨਮੰਤਰੀ ਨਰੇਂਦਰ ਮੋਦੀ ਦੀ ਦੇਸ਼ ਅਤੇ ਲੋਕ ਹਿੱਤ ਵਿੱਚ ਲਏ ਗਏ ਫੈਸਲਿਆਂ ਅਤੇ ਲੋਕਾਂ ਲਈ ਬਣਾਈਆਂ ਗਾਈਆਂ ਲੋਕ ਹਿਤੈਸ਼ੀ ਯੋਜਨਾਵਾਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਪਰਿਵਾਰ ਚ ਸ਼ਾਮਿਲ ਹੋਏ ਹਨ ਇਸ ਮੌਕੇ ਭਾਜਪਾ ਪਰਿਵਾਰ ਚ ਸ਼ਾਮਲ ਹੋਏ ਸਾਰੇ ਨਵੇਂ ਮੈਂਬਰਾਂ ਨੇ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਇਕਬਾਲ ਸਿੰਘ ਲਾਲਪੁਰਾ ਨੂੰ ਯਕੀਨ ਦਵਾਇਆ ਕਿ ਉਹ ਪਾਰਟੀ ਵਲੋਂ ਉਹਨਾਂ ਤੇ ਜਤਏ ਗਏ ਭਰੋਸੇ ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਨਗੇ ਅਤੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੀ ਜਿੱਤ ਵਿੱਚ ਪੂਰੀ ਮਿਹਨਤ ਨਾਲ ਕੰਮ ਕਰਨਗੇ।



SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

# ਜਲੰਧਰ ਜਿਮਨੀ ਚੌਣ ਦੌਰਾਨ ਪੰਜਾਬ ਸਰਕਾਰ ਦੇ ਵਿਰੁੱਧ ਕਾਨੂੰਗੋਆ ਕੀਤੀ ਰੈਲੀ

## ਕਾਨੂੰਗੋਆ ਨੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜਲੰਧਰ ਜਿਮਨੀ ਚੌਣ ਵਿੱਚ ਪੰਜਾਬ ਸਰਕਾਰ ਦੇ ਵਿਰੁੱਧ ਰੈਲੀ ਕੀਤੀ

ਜਲੰਧਰ (ਰਾਕੇਸ਼ ਵਰਮਾ) ਅੱਜ ਦੀ ਰੈਵੀਨਿਊ ਕਾਨੂੰਗੋ ਐਸੋਸ਼ੀਏਸ਼ਨ ਪੰਜਾਬ ਦੇ ਪ੍ਰਧਾਨ ਮੋਹਨ ਸਿੰਘ ਭੇਡਪੁਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕੀ ਪੰਜਾਬ ਦੇ ਸਮੁੱਚੇ ਕਾਨੂੰਗੋਆ ਨੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜਲੰਧਰ ਜਿਮਨੀ ਚੌਣ ਵਿੱਚ ਪੰਜਾਬ ਸਰਕਾਰ ਦੇ ਵਿਰੁੱਧ ਰੈਲੀ ਕੀਤੀ ਅਤੇ ਬਜਾਰਾਂ ਵਿੱਚ ਜਦੋ ਮਾਰਚ ਕਰਨ ਲੱਗੇ ਤਾਂ ਵਧੀਕ ਪ੍ਰਮੁੱਖ ਸਕੱਤਰ ਮੁੱਖ ਮੰਤਰੀ ਪੰਜਾਬ ਜੀ ਵੱਲੋ ਕਾਨੂੰਗੋ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ 8 ਮਈ 2023 ਨੂੰ ਮੁੱਖ ਮੰਤਰੀ ਪੰਜਾਬ ਨਾਲ ਹੋਣ ਸਬੰਧੀ ਪੱਤਰ ਜਾਰੀ ਕੀਤਾ ਸੋ ਕਾਨੂੰਗੋ ਐਸੋਸੀਏਸ਼ਨ ਪੰਜਾਬ ਨੇ ਆਪਣਾ ਸੰਘਰਸ਼ ਮੁਲਤਵੀ ਕਰ ਦਿੱਤਾ। ਕਾਨੂੰਗੋ ਦੀਆਂ ਜੋ ਮੰਗਾ ਮੰਨਿਆਂ ਗਈਆਂ ਹਨ । ਭਾਰਤੀ ਸੰਵਿਧਾਨ ਦੇ ਆਰਟਿਕਲ 39- ਡੀ ਮੁਤਾਬਿਕ ਇੱਕ ਸਾਰ ਕੰਮ ਕਰਨ ਵਾਲਿਆ ਦੀ ਤਨਖਾਹ ਵਿੱਚ ਅੰਤਰ ਨਹੀ ਹੋ ਸਕਦਾ । ਮਿਤੀ 01-01-1986 ਤੋਂ 31-12-1995 ਤੱਕ ਭਰਤੀ ਹੋਏ ਪਟਵਾਰੀਆਂ ਦੇ ਸਕੇਲ ਵਿੱਚ ਫਰਕ ਪਾ ਦਿੱਤਾ ਗਿਆ ਸੀ । ਇੱਕੋ ਸਮੇ ਦੌਰਾਨ ਭਰਤੀ ਹੋਏ ਪਟਵਾਰੀਆਂ ਵਿੱਚੋ 50 % ਜੂਨੀਅਰ ਪਟਵਾਰੀਆਂ ਨੂੰ 950-1800 ਦਾ ਸਕੇਲ ਦਿੱਤਾ ਗਿਆ ਸੀ ਅਤੇ 50 % ਸੀਨੀਅਰ ਪਟਵਾਰੀਆਂ ਨੂੰ 1365-2410 ਦਾ ਸਕੇਲ ਦਿੱਤਾ ਗਿਆ ਸੀ । ਮਿਤੀ



09-09-2022 ਨੂੰ ਵਿੱਤ ਮੰਤਰੀ ਸ.ਹਰਪਾਲ ਸਿੰਘ ਚੀਮਾ , ਮਾਲ ਮੰਤਰੀ , ਵਿੱਤ ਕਮਿਸ਼ਨਰ ਮਾਲ ਪਟਵਾਰ ਯੂਨੀਅਨ ਅਤੇ ਕਾਨੂੰਗੋ ਐਸੋਸੀਏਸ਼ਨ ਪੰਜਾਬ ਵਿੱਤ ਸਕੱਤਰ ਸ਼੍ਰੀ ਮਤੀ ਗੁਰਪ੍ਰੀਤ ਕੌਰ ਸਪਰਾ .. ਕਮਿਸ਼ਨਰ ਮੰਡਲ ਜਲੰਧਰ ਦੀ ਮੀਟਿੰਗ ਵਿੱਚ ਫੈਸਲਾ ਹੋਇਆ ਸੀ ਕਿ ਮਿਤੀ 01-01-1986 ਤੋ 31-12-1995 ਤੱਕ ਭਰਤੀ ਹੋਏ ਪਟਵਾਰੀਆਂ ਨੂੰ 1365-2410 ਮੁਤਾਬਿਕ ਤਨਖਾਹ ਫਿਕਸ ਕੀਤੀ ਜਾਵੇਗੀ ਪਰ ਅੱਜ ਤੱਕ ਇਸ ਸਬੰਧੀ ਹੁਕਮ ਜਾਰੀ ਨਹੀਂ ਕੀਤੇ ਗਏ । ਨਾਇਬ ਤਹਿਸੀਲਦਾਰਾਂ ਦੀ ਪ੍ਰਮੋਸ਼ਨ ਵਿੱਚ ਸੀਨੀਅਰ ਸਹਾਇਕ ਦਾ 3% ਕੋਟੇ ਮੁਤਾਬਿਕ 6 ਪੋਸਟਾਂ ਦੀ ਬਜਾਏ 32 ਪੋਸਟਾਂ ਤੇ ਸੀਨੀਅਰ ਸਹਾਇਕ ਨੂੰ ਬਿਨਾ ਟ੍ਰੇਨਿੰਗ ਤੋਂ ਪੂਰੀ ਤਨਖਾਹ ਦੇਕੇ ਆਰਜੀ ਨਾਇਬ ਤਹਿਸੀਲਦਾਰ ਬਨਾਇਆ ਹੋਇਆ ਹੈ । ਜਥੇਬੰਦੀ ਮੰਗ ਕਰਦੀ ਹੈ ਕਿ ਨਾਇਬ ਤਹਿਸੀਲਦਾਰ ਦੀਆਂ ਡਾਇਰੈਕਟ ਕੋਟੇ ਦੀਆਂ ਖਾਲੀ ਪੋਸਟਾਂ ਤੇ ਪੇਪਰ ਪਾਸ ਕਰ ਚੁੱਕੇ ਕਾਨੂੰਗੋਆਂ ਨੂੰ ਤਾਇਨਾਤ ਕੀਤਾ ਜਾਵੇ । ਇਸ ਸਮੇਂ ਪੰਜਾਬ ਵਿੱਚ ਤਰਕੀਬਨ 2600 ਪਟਵਾਰੀਆਂ ਦੀਆ ਖਾਲੀ ਪਈਆਂ ਅਸਾਮੀਆਂ ਦੀ ਭਰਤੀ ਤੁਰੰਤ ਕੀਤੀ ਜਾਵੇ । ਕਾਨੂੰਗੋ ਤੋਂ ਨਾਇਬ ਤਹਿਸੀਲਦਾਰ ਦੀ ਤਰੱਕੀ ਲਈ ਉਰਦੂ ਪੈਪਰ ਪਾਸ ਕਰਨ ਦੀ ਸ਼ਰਤ ਨੂੰ ਖਤਮ ਕੀਤਾ ਜਾਵੇ ।

## ਜੱਥੇ.ਹਰਭਜਨ ਸਿੰਘ ਡੰਗ ਦਾ ਅਚਾਨਕ ਅਕਾਲ ਚਲਾਣਾ ਕਰ ਜਾਣਾ ਸਮਾਜ ਲਈ ਵੱਡਾ ਘਾਟਾ-ਭੁਪਿੰਦਰ ਸਿੰਘ

ਲੁਧਿਆਣਾ (ਕਰਨੈਲ ਸਿੰਘ ਐੱਮ ਏ) ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜੱਥੇਦਾਰ ਸ. ਹਰਭਜਨ ਸਿੰਘ ਡੰਗ ਦਾ ਅਚਾਨਕ ਅਕਾਲ ਚਲਾਣਾ ਕਰ ਜਾਣਾ ਸਮੁੱਚੇ ਸਮਾਜ ਦੇ ਲਈ ਬਹੁਤ ਵੱਡਾ ਘਾਟਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ.ਭੁਪਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਅੱਜ ਸਾਂਝੇ ਰੂਪ ਜੱਥੇਦਾਰ ਹਰਭਜਨ ਸਿੰਘ ਡੰਗ ਦੇ ਸਮੂਹ ਪ੍ਰਿਵਾਰਕ ਮੈਂਬਰਾਂ ਨਾਲ ਆਪਣੇ ਦਿਲੀ ਅਫਸੋਸ ਦਾ ਇਜ਼ਹਾਰ ਕਰਦਿਆਂ ਹੋਇਆ ਕੀਤਾ। ਇਸ ਦੌਰਾਨ ਸ.ਭੁਪਿੰਦਰ ਸਿੰਘ ਨੇ ਕਿਹਾ ਕਿ ਪੰਥਕ ਸੋਚ ਦੇ ਧਾਰਨੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਿੱਧੜਕ ਆਗੂ ਦੇ ਰੂਪ ਵੱਜੋ ਵਿਚਰਨ ਵਾਲੇ ਜੱਥੇ.ਹਰਭਜਨ ਸਿੰਘ ਡੰਗ ਕੇਵਲ ਇੱਕ ਸਿਆਸੀ ਆਗੂ ਹੀ ਨਹੀਂ ਸਨ ਬਲਕਿ ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਨੇਕ ਵਿਅਕਤੀ ਵੀ ਸਨ। ਜਿਸ ਕਾਰਨ ਉਹ ਲਗਾਤਾਰ 6 ਵਾਰ ਨਗਰ ਨਿਗਮ ਲੁਧਿਆਣਾ ਦੇ ਅਕਾਲੀ ਕੌਸਲਰ ਬਣੇ ਅਤੇ ਆਪਣੀ ਸੁਹਿਰਦਤਾ ਭਰੀ ਸੋਚ ਸਦਕਾ ਨਗਰ ਨਿਗਮ ਦੇ ਹਾਉਸ ਅੰਦਰ ਵਿਰੋਧੀ ਧਿਰ ਦੇ ਆਗੂ ਵੱਜੋਂ



ਵਿਚਰੇ। ਆਪਣੇ ਨੇਕ ਕਾਰਜਾਂ ਤੇ ਸੰਗਤਾਂ ਵੱਲੋ ਬਖਸ਼ੇ ਪਿਆਰ ਸਦਕਾ ਆਪ ਜੀ ਨੂੰ ਪੰਜਾਬ ਸਰਕਾਰ(ਅਕਾਲੀ+ਭਾਜਪਾ) ਵੱਲੋ 2016 ਵਿੱਚ ਪੰਜਾਬ ਹੈਲਥ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਲੁਧਿਆਣਾ ਸ਼ਹਿਰੀ ਇਕਾਈ ਦੇ ਪ੍ਰਧਾਨ ਦਿਨ ਰੂਪ ਵੱਜੋਂ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੱਤੀਆਂ ਅਤੇ ਦਿਨ ਰਾਤ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀਕਲਾ ਲਈ ਤੱਤਪਰ ਰਹੇ। ਇਸ ਲਈ ਉਨ੍ਹਾਂ ਦੀਆਂ ਸੇਵਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਉਨ੍ਹਾਂ ਨੇ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ ਵੱਲੋ ਜੱਥੇਦਾਰ ਹਰਭਜਨ ਸਿੰਘ ਡੰਗ ਨੂੰ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਸਮੁੱਚੇ ਡੰਗ ਪਰਿਵਾਰ ਨੂੰ ਅਕਾਲ ਪੁਰਖ ਦਾ ਭਾਣਾ ਮੰਨਣ ਦੀ ਤਾਕੀਦ ਕੀਤੀ।

## ਧਰਤੀ ਹੇਠਲੇ ਪਾਣੀ ਨੂੰ ਬਚਾਉਣ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦੀ ਲੋੜ: ਐਡਵੋਕੇਟ ਸ਼ੇਖਰ ਸ਼ੁਕਲਾ

ਰੂਪਨਗਰ/ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ, ਰਾਜਿੰਦਰ ਧੀਮਾਨ) ਜਲ ਹੀ ਜੀਵਨ ਹੈ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਤੇ ਵਾਤਾਵਰਣ ਸੰਭਾਲ ਲਈ ਸਾਰਿਆ ਨੂੰ ਇਕਜੁੱਟ ਹੋਣਾ ਚਾਹੀਦਾ ਹੈ ਕਿਉਂਕਿ ਸ਼ੁੱਧ ਆਕਸੀਜਨ ਹੋਵੇਗੀ ਤਾਂ ਬਿਮਾਰੀਆਂ ਘੱਟ ਹੋਣਗੇ ਸਾਨੂੰ ਸਾਰਿਆਂ ਨੂੰ ਆਪਣੇ ਆਪਣੇ ਜਨਮ ਦਿਨ ਤੇ ਇਕ ਇਕ ਬੂਟਾ ਜ਼ਰੂਰ ਲੈਣਾ ਚਾਹੀਦਾ ਤਾਂ ਜੋ ਵਾਤਾਵਰਨ ਹਰਾ ਭਰਿਆ ਰਹਿ ਸਕੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬ੍ਰਾਹਮਣ ਸਭਾ ਦੇ ਪੰਜਾਬ ਪ੍ਰਧਾਨ



ਐਡਵੋਕੇਟ ਸ਼ੇਖਰ ਸ਼ੁਕਲਾ ਵੱਲੋਂ ਕੀਤਾ ਗਿਆ ਉਨ੍ਹਾਂ ਦੱਸਿਆ ਕਿ ਗੁਰਬਾਣੀ ਦਾ ਫਰਮਾਣ ਪਵਨ ਗੁਰੂ ਪਾਣੀ ਪਿਤਾ ਇਸ ਲਈ ਸਭ ਤੋਂ ਪਹਿਲਾਂ ਪਿਤਾ ਪਾਣੀ ਹੈ ਪਾਣੀ ਦੀ ਬੂੰਦ ਬੂੰਦ ਨੂੰ ਸੰਭਾਲ ਕੇ ਰੱਖਣਾ ਸਾਡਾ ਸਾਰਿਆਂ ਦਾ ਮੌਲਿਕ ਅਧਿਕਾਰ ਵੀ ਨਹੀਂ ਬਲਕਿ ਫਰਜ਼ ਵੀ ਹੈ ਕੁਝ ਲੋਕ ਗੱਡੀਆਂ ਧੋਣ ਸਮੇਂ ਹਰ ਸ਼ਹਿਰਾਂ ਵਿਚ ਖੁਲ੍ਹੇ ਨੱਲ ਲੱਖਾਂ ਲੀਟਰ ਪਾਣੀ ਵਿਅਰਥ ਗੁਆ ਦਿੰਦੇ ਹਨ ਜੋ ਕਿ ਆਉਣ ਵਾਲੇ ਸਮੇਂ ਲਈ ਖਤਰੇ ਦੀ ਘੰਟੀ ਹੈ ਅਸੀਂ ਇਸੇ ਪ੍ਰਕਾਰ ਪਾਣੀ ਵਿਅਰਥ ਕਰਦੇ ਰਹੇ ਆਉਣ ਵਾਲੇ 15-20 ਸਾਲਾਂ ਤੱਕ ਦੇਸ਼ ਅੰਦਰ ਸਭ ਤੋਂ ਵੱਡੀ ਦਿੱਕਤ ਪਾਣੀ ਦੀ ਹੋਵੇਗੀ, ਹਰਿਆ-ਭਰਿਆ ਵਾਤਾਵਰਨ ਅਤੇ ਸ਼ੁੱਧ ਹਵਾ ਚੰਗੀ ਸਿਹਤ ਲਈ ਨਿਆਮਤ ਹੈ ਇਸ ਲਈ ਸਾਰਿਆਂ ਨੂੰ ਵਾਤਾਵਰਨ ਸੰਭਾਲ ਤੇ ਪਾਣੀ ਰੱਖ-ਰਖਾਵ ਸਬੰਧੀ ਸੁਚੇਤ ਹੋਣ ਦੀ ਲੋੜ ਹੈ ।

## ਜ਼ਿਲ੍ਹੇ ਦੀਆਂ ਮੰਡੀਆਂ 'ਚ ਐਤਵਾਰ ਸ਼ਾਮ ਤੱਕ 254784 ਮੀਟ੍ਰਿਕ ਟਨ ਕਣਕ ਦੀ ਖਰੀਦ

ਸ਼ਹੀਦ ਭਗਤ ਸਿੰਘ ਨਗਰ (ਲੋਕ ਬਾਣੀ) ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀਆਂ ਮੰਡੀਆਂ 'ਚ ਐਤਵਾਰ ਸ਼ਾਮ ਤੱਕ 254784 ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ ਜੋ ਕਿ ਪਿਛਲੇ ਸਾਲ ਦੀ ਕੁੱਲ ਆਮਦ 205703 ਮੀਟ੍ਰਿਕ ਟਨ ਦੇ ਮੁਕਾਬਲੇ 49081 ਮੀਟ੍ਰਿਕ ਟਨ ਵਧੇਰੇ ਬਣਦੀ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਨੁਸਾਰ ਐਤਵਾਰ ਸ਼ਾਮ ਤੱਕ ਦੀ ਇਹ ਖਰੀਦ, ਇਸ ਸਾਲ ਲਈ ਮਿੱਥੇ ਗਏ ਟੀਚੇ 231600 ਮੀਟ੍ਰਿਕ ਟਨ ਦੇ ਮੁਕਾਬਲੇ 23184 ਮੀਟ੍ਰਿਕ ਟਨ ਵਧੇਰੇ ਹੈ। ਉਨ੍ਹਾਂ ਦੱਸਿਆ ਕਿ ਜਿਉਂ-ਜਿਉਂ ਕਣਕ ਦਾ ਖਰੀਦ ਸੀਜ਼ਨ ਸੰਪੂਰਨਤਾ ਵੱਲ ਵਧਦਾ ਜਾ ਰਿਹਾ ਹੈ, ਤਿਉਂ-ਤਿਉਂ ਮੰਡੀਆਂ 'ਚ ਹੋਰ ਰਹੀ ਆਮਦ ਵੀ ਘਟ ਰਹੀ ਹੈ। ਉਨ੍ਹਾਂ ਦੱਸਿਆ ਕਿ ਐਤਵਾਰ ਨੂੰ ਮੰਡੀਆਂ 'ਚ 3190 ਮੀਟ੍ਰਿਕ ਟਨ ਜਦਕਿ ਸ਼ਨੀਵਾਰ ਨੂੰ 3370 ਮੀਟ੍ਰਿਕ ਟਨ ਦੀ ਖਰੀਦ ਦਰਜ ਕੀਤੀ ਗਈ। ਉਨ੍ਹਾਂ ਦੱਸਿਆ ਕਿ ਖਰੀਦ ਏਜੰਸੀਆਂ ਵੱਲੋਂ ਅੱਜ ਸ਼ਾਮ ਤੱਕ ਕੁੱਲ 520 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998

# ਪੁਰਾਣੀ ਪੈਨਸ਼ਨ ਦੇ ਮੁੱਦੇ ਨੂੰ ਲੈ ਕੇ ਰਾਸ਼ਟਰੀ ਪੱਧਰ ਤੇ ਹੋਈ ਮਹੱਤਵਪੂਰਨ ਮੀਟਿੰਗ

ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸਯੁੰਕਤ ਮੰਚ ਨਵੀਂ ਦਿੱਲੀ ਵਲੋਂ ਰਾਸ਼ਟਰੀ ਪੱਧਰ ਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਵਿੱਢੇ ਗਏ ਸਘੰਰਸ਼ ਦੀ ਭਵਿੱਖ ਵਿੱਚ ਕੀਤੇ ਜਾਣ ਵਾਲੇ ਸਘੰਰਸ਼ ਦੀ ਰੂਪ ਰੇਖਾ ਲਈ ਤੀਜੀ ਮਹੱਤਵਪੂਰਨ ਮੀਟਿੰਗ ਭਾਰਤੀ ਰੇਲਵੇ ਦਫਤਰ ਦੇ ਜੇ ਪੀ ਚੌਬੇ ਮੈਮੋਰੀਅਲ ਲਾਇਬ੍ਰੇਰੀ ਵਿਖੇ ਰਾਸ਼ਟਰੀ ਕਨਵੀਨਰ ਸ਼ਿਵ ਗੋਪਾਲ ਮਿਸ਼ਰਾ ਦੀ ਅਗਵਾਹੀ ਹੇਠ ਹੋਈ ਜਿਸ ਵਿੱਚ ਭਾਰਤ ਭਰ ਤੋਂ ਵੱਖ ਵੱਖ ਸੂਬਿਆਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਪੰਜਾਬ ਵਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸੂਬਾਈ ਵਿੱਤ ਸਕੱਤਰ ਵਰਿੰਦਰ ਵਿੱਕੀ ਅਤੇ ਸੂਬਾਈ ਆਈ ਟੀ ਸੈੱਲ ਇੰਚਾਰਜ਼ ਸੱਤ ਪ੍ਰਕਾਸ਼ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਜਿਨ੍ਹਾਂ ਸਟੇਟਾਂ ਵਿੱਚ ਪੁਰਾਣੀ ਪੈਨਸ਼ਨ ਬਹਾਲ ਹੋ ਗਈ ਹੈ ਜਾਂ ਬਹਾਲ ਦੀ ਘੋਸ਼ਣਾ ਕੀਤੀ ਜਾ ਚੁੱਕੀ ਹੈ ਉਨ੍ਹਾਂ ਦਾ ਪੈਸਾ ਜੋ ਪੀ ਐੱਫ ਆਰ ਡੀ ਏ ਕੋਲ ਪਿਆ ਹੈ



ਉਸ ਦੀ ਵਾਪਸੀ ਅਤੇ ਜਿਨ੍ਹਾਂ ਸਟੇਟਾਂ ਵਿੱਚ ਪੁਰਾਣੀ ਪੈਨਸ਼ਨ ਲਈ ਸਘੰਰਸ਼ ਲੜਿਆ ਜਾ ਰਿਹਾ ਹੈ ਉੱਥੇ ਪੈਨਸ਼ਨ ਦੀ ਬਹਾਲੀ ਲਈ ਮਹੱਤਵਪੂਰਨ ਫੈਸਲੇ ਲਏ ਗਏ। ਜਿਕਰਯੋਗ ਹੈ ਕਿ ਪੰਜਾਬ, ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਝਾਰਖੰਡ ਵਿੱਚ ਪੁਰਾਣੀ ਪੈਨਸ਼ਨ ਸਬੰਧੀ ਘੋਸ਼ਣਾ ਕੀਤੀ ਗਈ ਹੈ ਜਾਂ ਲਾਗੂ ਕੀਤਾ ਗਿਆ ਹੈ ਪਰ ਰਾਜ ਸਰਕਾਰਾਂ ਕੇਂਦਰ ਦੀ ਏਜੰਸੀ ਕੋਲ ਪਏ ਪੈਸੇ ਦਾ ਬਹਾਨਾ ਬਣਾ ਕੇ ਕਰਮਚਾਰੀਆਂ ਨੂੰ ਖੱਜਲ ਖੁਆਰ ਕਰ ਰਹੀਆਂ ਹਨ। 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਪਹਿਲਾਂ ਕੇਂਦਰ ਸਰਕਾਰ ਨੂੰ ਪੁਰਾਣੀ ਪੈਨਸ਼ਨ ਦੇ ਮੁੱਦੇ ਤੇ ਘੇਰਨ ਅਤੇ ਪੁਰਾਣੀ ਪੈਨਸ਼ਨ ਨੂੰ ਸੰਪੂਰਨ ਰੂਪ ਵਿੱਚ ਲਾਗੂ ਕਰਨ ਲਈ ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸਯੁੰਕਤ ਮੰਚ ਵਲੋਂ ਰਾਸ਼ਟਰੀ ਪੱਧਰ ਤੇ ਕੁੱਝ ਪ੍ਰੋਗਰਾਮ ਦਿੱਤੇ ਗਏ ਹਨ ਜੋ ਸਮੁੱਚੇ ਭਾਰਤ ਵਿੱਚ ਲਾਗੂ ਕੀਤੇ ਜਾਣਗੇ ਜੋ ਇਸ ਤਰ੍ਹਾਂ ਹਨ :- 21 ਮਈ 2023 ਨੂੰ ਮਸਾਲ ਜਲੂਸ, 21 ਜੂਨ 2023 ਨੂੰ ਸਟੇਟ ਪੱਧਰ ਤੇ ਰੈਲੀ, ਜੁਲਾਈ-ਅਗਸਤ ਵਿੱਚ ਰਾਸ਼ਟਰੀ ਪੱਧਰ ਤੇ ਮੈਗਾ ਰੈਲੀ (ਮਾਨਸੂਨ ਸ਼ੈਸਨ ਦੌਰਾਨ) ਆਦਿ। ਇਸ ਮੌਕੇ ਪੰਜਾਬ ਤੋਂ ਇਲਾਵਾ ਹਰਿਆਣਾ, ਜੰਮੂ ਕਸ਼ਮੀਰ, ਬਿਹਾਰ, ਉੱਤਰ ਪ੍ਰਦੇਸ਼, ਮਿਜੋਰਮ, ਦਿੱਲੀ, ਕੇਰਲ, ਰਾਜਸਥਾਨ ਕਰਨਾਟਕ, ਉੜੀਸਾ, ਮੱਧ ਪ੍ਰਦੇਸ਼ ਆਦਿ ਰਾਜਾਂ ਦੀਆਂ ਵੱਖ ਵੱਖ ਜੱਥੇਬੰਦੀਆਂ ਤੋਂ ਪਹਿਲਾਂ ਆਲ ਇੰਡੀਆ ਰੇਲਵੇ, ਇਨਕਮ ਟੈਕਸ ਵਿਭਾਗ ਭਾਰਤ,ਪੈਰਾ ਮਿਲਟਰੀ ਫੋਰਸਿਜ ਇੰਡੀਆ, ਆਲ ਇੰਡੀਆ ਡਾਕ ਵਿਭਾਗ, ਆਲ ਇੰਡੀਆ ਹੈਲਥ ਵਿਭਾਗ ਆਦਿ ਰਾਸ਼ਟਰੀ ਪੱਧਰ ਦੀਆਂ ਜੱਥੇਬੰਦੀਆਂ ਹਾਜ਼ਰ ਸਨ।

# ਵਾਤਾਵਰਨ ਸੰਭਾਲ ਸੋਸੀਏਟੀ ਨੇ ਕੈਨੇਡਾ ਵਿਚ ਬੂਟੇ ਲੱਗਾ ਕੇ ਮਨਾਇਆ 20 ਸਾਲਾਂ ਸਥਾਪਨਾ ਦਿਵਸ

**2003 ਤੋਂ 2023 ਲਗਾਤਾਰ ਦੇਂਦੀ ਆ ਰਹੀ ਸਮਾਜ ਸੇਵਾ ਦੇ ਹਰ ਖੇਤਰ ਵਿਚ ਯੋਗਦਾਨ**



ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ) ਸਰੀ ਸ਼ਹਿਰ ਵਿਚ ਪਾਰਕ ਵਿਚ ਅੱਜ ਵਾਤਾਵਰਨ ਸੰਭਾਲ ਸੋਸੀਏਟੀ ਦੇ ਸੰਸਥਾਪਕ ਤੇ ਪ੍ਰਧਾਨ ਜਸਵੰਤ ਸਿੰਘ ਭੱਟੀ ਤੇ ਗੁਰਵਿੰਦਰ ਸਿੰਘ ਦੁਆਰਾ ਅੱਜ ਸਰੀ ਸ਼ਹਿਰ ਦੇ ਪਾਰਕ ਵਿਚ 5 ਬੂਟੇ ਲੱਗਾ ਕੇ ਸੋਸਾਈਟੀ ਦੇ 20 ਸਾਲਾਂ ਸਥਾਪਨਾ ਦਿਵਸ ਮਨਾਇਆ ਗਿਆ /ਇਸ ਮੌਕੇ ਪ੍ਰਧਾਨ ਸ਼੍ਰੀ ਭੱਟੀ ਤੇ ਸਕੱਤਰ ਗੁਰਵਿੰਦਰ ਸਿੰਘ ਨੇ ਦਸਿਆ ਕਿ ਸੋਸੀਏਟੀ 2003 ਤੋਂ ਸਮਾਜ ਸੇਵਾ ਦੇ ਵਾਤਾਵਰਨ ਸੰਭਾਲ ,ਜਲ ਬਚਾਓ ,ਖ਼ੂਨਦਾਨ ਕੈਂਪ ,ਸੜਕ ਸੁਰੱਖਿਆ ,ਜੰਗਲੀ ਜੀਵ ਸੁਰੱਖਿਆ ,ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ,ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਲਾਏ ਸੈਮੀਨਾਰ ਕਰਵਾਣਾ ,ਲੋੜਵੰਦਾਂ ਦੇ ਮਦਦ ਕਰਨਾ ,ਹੋਰ ਅਨੇਕਾਂ ਸਮਾਜ ਸੇਵਾ ਦੇ ਕਾਰਜਾਂ ਵਿਚ ਸੋਸਾਇਟੀ ਨੇ ਅੱਜ ਅੰਤਰਾਸ਼ਟਰੀ ਪੱਧਰ ਤੇ ਆਪਣੀ ਪਹਿਚਾਣ ਬਣਾਈ ਹੈ / ਉਹਨਾਂ ਦਸਿਆ ਪੰਜਾਬ ਵਿਚ ਵੀ ਸੋਸਾਇਟੀ ਵਲੋਂ 20 ਸਾਲਾਂ ਸਥਾਪਨਾ ਦਿਵਸ ਮਨਾਏ ਜਾਣਗੇ।

# ਥੈਲੇਸੀਮੀਆ ਇੰਟਰਨੈਸ਼ਨਲ ਫੈਡਰੇਸ਼ਨ ਵੱਲੋਂ 8 ਮਈ ਦਾ ਦਿਨ ਥੈਲੇਸੀਮੀਆ ਦੇ ਮਰੀਜ਼ਾਂ ਨੂੰ ਸਮਰਪਿਤ



ਭਾਰਤ ਵਿਕਾਸ ਪ੍ਰੀਸ਼ਦ ਦੇ ਵਿਸ਼ਾਲ ਖ਼ੂਨਦਾਨ ਕੈਂਪ ਦੀਆਂ ਝਲਕੀਆਂ।

ਜੈਤੋ (ਲੋਕ ਬਾਣੀ) ਭਾਰਤ ਵਿਕਾਸ ਪ੍ਰੀਸ਼ਦ ਜੈਤੋ ਵੱਲੋਂ 'ਅੰਤਰਰਾਸ਼ਟਰੀ ਥੈਲੇਸੀਮੀਆ ਦਿਵਸ' ਮੌਕੇ ਅਮਰ ਸ਼ਹੀਦ ਡਾ: ਧਰਮਵੀਰ ਸਿੰਘ ਭਾਟੀਆ ਦੀ ਅਮਿਟ ਯਾਦ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਪ੍ਰੀਸ਼ਦ ਭਵਨ ਵਿਖੇ ਲਗਾਇਆ ਗਿਆ। ਉਪਰੋਕਤ ਜਾਣਕਾਰੀ ਦਿੰਦਿਆਂ ਪ੍ਰੀਸ਼ਦ ਦੇ ਪ੍ਰਚਾਰ ਸਕੱਤਰ ਸੁਰਿੰਦਰ ਗਰਗ (ਸੇਵਾ ਮੁਕਤ ਆਰ.ਏ.) ਨੇ ਦੱਸਿਆ ਕਿ ਉਪਰੋਕਤ ਕੈਂਪ ਦੇ ਚੇਅਰਮੈਨ ਪਵਨ ਸਿੰਗਲਾ ਵੇਰਾਇਟੀ ਸਟੋਰ ਅਤੇ ਦਿਨੇਸ਼ ਬਾਂਸਲ, ਦੀਪਕ ਗਰਗ ਕੋ-ਚੇਅਰਮੈਨ ਸਨ। ਇਸ ਕੈਂਪ ਵਿੱਚ ਬਲੱਡ ਸੈਂਟਰ ਸਿਵਲ ਹਸਪਤਾਲ ਕੋਟਕਪੂਰਾ ਦੀ ਟੀਮ ਨੇ 51 ਯੂਨਿਟ ਖ਼ੂਨ ਇਕੱਤਰ ਕੀਤਾ। ਇਸ ਮੌਕੇ ਮੁੱਖ ਮਹਿਮਾਨ ਸ੍ਰੀ ਵਿਵੇਕ ਆਸ਼ਰਮ ਦੇ ਸਰਪ੍ਰਸਤ ਸੰਤ ਰਿਸ਼ੀ ਰਾਮ, ਡੇਰਾ ਭਾਈ ਭਗਤੂ ਦੇ ਮਹੰਤ ਸੱਤਿਆ ਮਿੱਤਰਾ ਨੰਦ ਅਤੇ ਟਰੱਕ ਅਪਰੇਟਰਜ਼ ਯੂਨੀਅਨ ਦੇ ਮੀਤ ਪ੍ਰਧਾਨ ਜਸਵੰਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਸੰਤ ਰਿਸ਼ੀ ਰਾਮ ਨੇ ਦੱਸਿਆ ਕਿ ਸਾਲ 1994 ਵਿੱਚ ਪਹਿਲੀ ਵਾਰ 'ਅੰਤਰਰਾਸ਼ਟਰੀ ਥੈਲੇਸੀਮੀਆ ਦਿਵਸ' ਮਨਾਉਣ ਬਾਰੇ ਵਿਚਾਰ ਕੀਤਾ ਗਿਆ ਸੀ। ਇਸੇ ਸਾਲ ਇੰਟਰਨੈਸ਼ਨਲ ਫੈਡਰੇਸ਼ਨ ਆਫ ਥੈਲੇਸੀਮੀਆ ਨੇ 8 ਮਈ ਦਾ ਦਿਨ ਥੈਲੇਸੀਮੀਆ ਦੇ ਮਰੀਜ਼ਾਂ ਨੂੰ ਸਮਰਪਿਤ ਕੀਤਾ ਸੀ ਅਤੇ ਇਸ ਦਿਨ ਦੀ ਸਥਾਪਨਾ ਇਸ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੇ ਸੰਘਰਸ਼ ਬਾਰੇ ਆਮ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਲਈ ਕੀਤੀ ਗਈ ਸੀ। ਜਾਰਜ ਐਂਗਲੇਜੋਸ ਨੇ ਥੈਲੇਸੀਮੀਆ ਇੰਟਰਨੈਸ਼ਨਲ ਫੈਡਰੇਸ਼ਨ ਦੇ ਪ੍ਰਧਾਨ ਅਤੇ ਸੰਸਥਾਪਕ ਵਜੋਂ ਕੰਮ ਕੀਤਾ। ਇਸ ਮੌਕੇ ਪ੍ਰੀਸ਼ਦ ਦੇ ਸਰਪ੍ਰਸਤ ਰਮੇਸ਼ ਮੋਂਗਾ, ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ, ਸਕੱਤਰ ਪ੍ਰਹਿਲਾਦ ਗਰਗ, ਕੈਸ਼ੀਅਰ ਵਿਜੇ ਸਿੰਗਲਾ ਬਿਸ਼ਨਦੀ ਵਾਲੇ, ਪੀ.ਆਰ. ਓ. ਸੁਰਿੰਦਰ ਗਰਗ, ਸੈਂਟਰ ਇੰਚਾਰਜ ਮੇਜਰ ਸਿੰਘ, ਸਲਾਹਕਾਰ ਮੰਨੂ ਵਰਮਾ, ਸੰਯੁਕਤ ਸਕੱਤਰ ਕਸ਼ਮੀਰੀ ਲਾਲ ਗਰਗ, ਸਲਾਹਕਾਰ ਮੁਕੇਸ਼ ਬਾਂਸਲ, ਜੁਆਇੰਟ ਆਰਗੇਨਾਈਜ਼ੇਸ਼ਨ ਸਕੱਤਰ ਵਿਜੇ ਸਿੰਗਲਾ, ਸਲਾਹਕਾਰ ਪ੍ਰਿਤਪਾਲ ਸਿੰਘ, ਸੂਬਾ ਕਾਰਜਕਾਰਨੀ ਮੈਂਬਰ ਜਗਦੀਸ਼ ਬਾਂਸਲ, ਰਜਿੰਦਰ ਸਿੰਘ, ਰੁਲੀਆ ਰਾਮ ਸਿੰਗਲਾ, ਗੁਰਦਰਸ਼ਨ ਜੈਨ, ਅਸ਼ਵਨੀ ਅਰੋੜਾ, ਸੋਮੇਸ਼ ਕੋਛੜ, ਸੰਜੀਵ ਸ਼ਰਮਾ ਟੀਨੂੰ, ਕੁਲਭੂਸ਼ਣ ਸਿੰਗਲਾ, ਅਮਨ ਅਰੋੜਾ, ਜੀਵਨ ਗਰਗ, ਮਨੀਸ਼ ਸ਼ਰਮਾ ਮੋਨੂੰ, ਰਾਮਾਵਤਾਰ ਵਰਮਾ, ਸੁਧਾਂਸੂ ਜਿੰਦਲ, ਸੰਦੀਪ ਜਿੰਦਲ, ਯੋਗੇਸ਼ ਬਾਂਸਲ ਲਾਈਟ, ਸੁਰਿੰਦਰ ਮਹੇਸ਼ਵਰੀ, ਅਨੁਪਮ ਗੋਇਲ ਨੂਪੀ, ਰਮੇਸ਼ ਸ਼ਰਮਾ, ਸ਼ੈਲੀ ਗਰਗ, ਤੇਜਪਾਲ ਪ੍ਰਵਾਨਾਂ, ਦਿਵਿਆਂਸ਼ੂ ਮੜਾਕਿਆ, ਵਿਜੇ ਸੂਰੀ ਆਦਿ ਨੇ ਕੈਂਪ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਪਿੰਡ ਕਰੀਹਾ ਦੇ ਦਾਨੀਆਂ ਵੱਲੋਂ ਕਣਕ ਦਾ ਦਾਨ

ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ) ਦੇਸ ਵਿਦੇਸ਼ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਥਾਪਿਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਚੱਲਦੀ ਲੰਗਰ ਸੇਵਾ ਲਈ ਪਿੰਡ ਕਰੀਹਾ ਦੇ ਦਾਨੀਆਂ ਵੱਲੋਂ ਕਣਕ ਦਾ ਦਾਨ ਦਿੱਤਾ। ਪਿੰਡ ਕਰੀਹਾ ਵਿਖੇ ਸਮਾਜ ਸੇਵਕ ਬਾਬਾ ਦਲਜੀਤ ਸਿੰਘ ਕਰੀਹਾ ਦੀ ਅਗਵਾਈ ਵਿਚ ਸੁਖਵੀਰ ਸਿੰਘ ਦੁਸਾਂਝ, ਹਰਮਿੰਦਰ ਸਿੰਘ, ਗੁਰਿੰਦਰ ਸਿੰਘ ਜੌਹਲ ਸਾਬਕਾ ਸਰਪੰਚ, ਦਵਿੰਦਰ ਸਿੰਘ ਮਾਨ, ਕੁਲਵੀਰ ਸਿੰਘ ਮਾਨ ਪੰਚ, ਗੁਰਮੇਲ ਸਿੰਘ ਨੇ ਆਪਣੇ ਸਾਥੀਆਂ ਨਾਲ ਸਮੁੱਚੇ ਸਮੁੱਚੇ ਨਗਰ ਵਿਚ ਘਰ-ਘਰ ਜਾ ਕੇ ਹਸਪਤਾਲ ਢਾਹਾਂ ਕਲੇਰਾਂ ਦੇ ਮਰੀਜ਼ਾਂ ਦੇ ਲੰਗਰ ਲਈ ਕਣਕ ਇਕੱਠੀ ਕਰਵਾਈ ਹੈ। ਬਾਬਾ ਦਲਜੀਤ ਸਿੰਘ ਕਰੀਹਾ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲੋੜਵੰਦ ਅਤੇ ਗਰੀਬ ਮਰੀਜ਼ਾਂ ਦਾ ਵਧੀਆ ਇਲਾਜ ਕੀਤਾ



ਜਾਂਦਾ ਹੈ ਅਤੇ ਹਸਪਤਾਲ ਵਿਚ ਦਾਖਲ ਬਿਮਾਰ ਲੋੜਵੰਦ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਲੰਗਰ ਸੇਵਾ ਕਰਨੀ ਬਹੁਤ ਸ਼ਲਾਘਾਯੋਗ ਕਾਰਜ ਹੈ। ਕਣਕ ਦਾਨ ਦੇਣਾ ਸਭ ਤੋਂ ਵੱਡਾ ਮਹਾਂਦਾਨ ਹੈ, ਇਸ ਕਣਕ ਦਾਨ ਦਾ ਲਾਭ ਪੂਰਾ ਸਾਲ ਹਸਪਤਾਲ ਵਿਚ ਦਾਖਲ ਮਰੀਜ਼ ਅਤੇ ਉਹਨਾਂ ਦੇ ਸਹਾਇਕ ਲੰਗਰ ਛੱਕ ਕੇ ਪ੍ਰਾਪਤ ਕਰਦੇ ਹਨ । ਬਾਬਾ ਜੀ ਨੇ ਇਲਾਕੇ ਦੇ ਦਾਨੀ ਵੀਰਾਂ ਨੂੰ ਹਸਪਤਾਲ ਢਾਹਾਂ ਕਲੇਰਾਂ ਦੇ ਲੰਗਰ ਲਈ ਵੱਧ ਤੋਂ ਵੱਧ ਕਣਕ ਅਤੇ ਮਾਇਆ ਦਾਨ ਵਿਚ ਦੇਣ ਦੀ ਅਪੀਲ ਕੀਤੀ। ਇਸ ਮੌਕੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ ਵੱਲੋਂ ਸਮੂਹ ਨਗਰ ਨਿਵਾਸੀ ਕਣਕ ਦਾਨੀਆਂ ਦਾ ਹਾਰਦਿਕ ਧੰਨਵਾਦ ਕੀਤਾ। ਕਣਕ ਇਕੱਠੀ ਕਰਨ ਮੌਕੇ ਭਾਈ ਜੋਗਾ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਮਹਿੰਦਰ ਸਿੰਘ, ਸੰਦੀਪ ਕੁਮਾਰ, ਨੀਲਾ ਸਿੰਘ ਅਤੇ ਹਸਪਤਾਲ ਦੇ ਹੋਰ ਸੇਵਾਦਾਰ ਵੀ ਹਾਜ਼ਰ ਸਨ। ਵਰਣਨਯੋਗ ਹੈ ਕਿ ਪਿਛਲੇ 35 ਸਾਲਾਂ ਤੋਂ ਦੁਆਬੇ ਵਿਚ ਲੋੜਵੰਦਾਂ ਨੂੰ ਵਧੀਆ ਮੈਡੀਕਲ ਇਲਾਜ ਸੇਵਾਵਾਂ ਦੇ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਦਾਖਲ ਮਰੀਜ਼ਾਂ ਅਤੇ ਉਹਨਾਂ ਸਹਾਇਕਾਂ ਨੂੰ ਤਿੰਨੋ ਵੇਲੇ ਲੰਗਰ ਪ੍ਰਦਾਨ ਕੀਤਾ ਜਾਂਦਾ ਹੈ।

# ਜਿਮਨੀ ਚੋਣ ਜਲੰਧਰ ਵਿੱਚ ਰੈਲੀ ਦੌਰਾਨ ਪੰਜਾਬ ਬੁੱਧੀਜੀਵੀ ਸੈੱਲ ਵੱਲੋਂ ਕੀਤੀ ਸ਼ਿਰਕਤ, ਚੋਣ ਪ੍ਰਚਾਰ ਕੀਤਾ ਤੇਜ਼: ਐਡਵੋਕੇਟ ਰਾਕੇਸ਼ ਮੜ੍ਹਕਨ

ਨੰਗਲ/ ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ, ਰਜਿੰਦਰ ਧੀਮਾਨ) ਭਾਰਤੀਆ ਜਨਤਾ ਪਾਰਟੀ ਦੇ ਬੁੱਧੀਜੀਵੀ ਸੈਲ ਵੱਲੋਂ ਜਲੰਧਰ ਜਿਮਨੀ ਚੋਣ ਨੂੰ ਲੈ ਕੇ ਵੱਡੀ ਭੂਮਿਕਾ ਨਿਭਾਈ ਜਾ ਰਹੀ ਹੈ ਇੱਥੇ ਬੁੱਧੀਜੀਵੀ ਸੈਲ ਵੱਲੋਂ ਬੀਤੇ ਲੰਬੇ ਸਮੇਂ ਤੋਂ ਚੋਣ ਪ੍ਰਚਾਰ ਵਿਚ ਵੱਡੀ ਭੂਮਿਕਾ ਨਿਭਾਅ ਕੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਜਿਤਾਉਣ ਲਈ ਪੁਰਜ਼ੋਰ ਜਤਨ ਕੀਤੇ ਜਾ ਰਹੇ ਹਨ ਇਸੇ ਚੋਣ ਮੁਹਿਮ ਦਾ ਹਿੱਸਾ ਬਣਦੇ ਹੋਏ ਬੀਤੇ ਦਿਨ ਭਾਜਪਾ ਵੱਲੋਂ ਨੂੰ ਲੈ ਕੇ ਕੱਢੀ ਰੈਲੀ ਵਿੱਚ ਬੁੱਧੀਜੀਵੀ ਸੈਲ ਪੰਜਾਬ ਵੱਲੋਂ ਵੱਡੇ ਪੱਧਰ ਤੇ ਸ਼ਿਰਕਤ ਕੀਤੀ ਗਈ ਇਸ ਗੱਲ ਦੀ ਜਾਣਕਾਰੀ ਦਿੰਦਿਆਂ ਪੰਜਾਬ ਭਾਜਪਾ ਦੀ ਬੁਧੀਜੀਵੀ ਸੈੱਲ ਦੇ ਕਨਵੀਨਰ ਐਡਵੋਕੇਟ ਰਾਕੇਸ਼ ਮੜ੍ਹਕਨ ਨੇ ਪੱਤਰਕਾਰਾਂ ਨੂੰ ਦਿੱਤੀ ਉਨ੍ਹਾਂ ਦੱਸਿਆ ਕਿ ਬੁੱਧੀਜੀਵੀ ਸੈਲ ਵੱਲੋਂ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਜਿਤਾਉਣ ਲਈ ਚੋਣ ਪ੍ਰਚਾਰ ਹੋਰ ਤੇਜ ਕਰ ਦਿੱਤਾ ਗਿਆ ਹੈ ਅਤੇ ਹਰ ਵਰਕਰ ਵੱਲੋਂ ਅੱਡੀ ਚੋਟੀ ਦਾ ਜੋਰ ਲਾਇਆ ਜਾ ਰਿਹਾ ਹੈ ਉਨ੍ਹਾਂ ਦੱਸਿਆ



ਕਿ ਭਾਜਪਾ ਸੈੱਲਾ ਕੁਆਡੀਨੇਟਰ ਪੰਜਾਬ ਰਾਕੇਸ਼ ਸ਼ਰਮਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਭਾਜਪਾ ਬੁਧੀਜੀਵੀ ਸੈਲ ਪੰਜਾਬ ਕੰਮ ਕਰ ਰਿਹਾ ਹੈ ਉਨ੍ਹਾਂ ਦੱਸਿਆ ਕਿ ਆਉਣ ਵਾਲੀ 13 ਤਰੀਖ ਨੂੰ ਭਾਰਤੀ ਜਨਤਾ ਪਾਰਟੀ ਤੇ ਅਕਾਲੀ ਦਲ ਸੰਯੁਕਤ ਦੇ ਸਾਂਝੇ ਉਮੀਦਵਾਰ ਸ ਇੰਦਰ ਇਕਬਾਲ ਸਿੰਘ ਅਟਵਾਲ ਵੱਡੇ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਤੇ ਲੈ ਕੇ ਜਾ ਰਹੇ ਹਨ ਅਤੇ ਜਲੰਧਰ ਦੀ ਸੀਟ ਜਿੱਤ ਕੇ ਨਰਿੰਦਰ ਮੋਦੀ ਜੀ ਦੇ ਹੱਥ ਹੋਰ ਮਜ਼ਬੂਤ ਹੋਣਗੇ ਅਤੇ ਦੇਸ਼ ਦੇ ਨਾਲ ਨਲ ਪੰਜਾਬ ਤੇ ਖਾਸ ਕਰਕੇ ਜਲੰਧਰ ਸ਼ਹਿਰ ਹੋਰ ਤਰੱਕੀ ਵੱਲ ਵਧੇਗਾ ਇਸ ਮੌਕੇ ਤੇ ਕੇ ਕੇ ਠਾਕੁਰ ਹੋ ਕਨਵੀਨਰ ਬੁੱਧੀਜੀਵੀ ਸੈਲ ਪੰਜਾਬ,ਜਗਦੀਸ਼ ਗੁਪਤਾ ਜੀ ਜਰਨਲ ਸੈਕਟਰੀ ਬੁੱਧੀਜੀਵੀ ਸੈਲ ਪੰਜਾਬ,ਸਤੀਸ਼ ਕੌਲ ਦੀ ਇਲੈਕਸ਼ਨ ਇੰਚਾਰਜ ਜਲੰਧਰ ਬੁਧੀਜੀਵੀ ਸੈਲ, ਪ੍ਰੋਫੈਸਰ ਸਰਬਜੀਤ ਸਿੰਘ ਕੋ ਕਨਵੀਨਰ ਪੰਜਾਬ ਬੁੱਧੀਜੀਵੀ ਸੈਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਪੰਜਾਬ ਵਿਚ ਵੀ ਸੈੱਲ ਦੇ ਹੋਰ ਵਰਕਰ ਅਤੇ ਅਹੁਦੇਦਾਰ ਹਾਜਰ ਸਨ ।

# ਢੁੱਡੀਕੇ ਵਿਖੇ ਆਸ਼ਾ ਵਰਕਰਾਂ ਨੂੰ ਮੀਟਿੰਗ ਦੌਰਾਨ ਸਿਹਤ ਪ੍ਰੋਗਰਾਮਾਂ ਸਬੰਧੀ ਦਿੱਤੀ ਜਾਣਕਾਰੀ

ਅਜੀਤਵਾਲ ਲੋਕ ਬਾਣੀ) ਸਿਵਲ ਸਰਜਨ ਮੋਗਾ ਅਤੇ ਜਿਲਾ ਪਰਿਵਾਰ ਭਲਾਈ ਅਫਸਰ ਡਾ. ਰਿਪੁਦਮਨ ਕੌਰ ਦੇ ਦਿਸ਼ਾਂ ਨਿਰਦੇਸ਼ਾਂ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਢੁੱਡੀਕੇ ਡਾ. ਸੁਰਿੰਦਰ ਸਿੰਘ ਝੱਮਟ ਨੇ ਸਰਕਾਰੀ ਹਸਪਤਾਲ ਢੁੱਡੀਕੇ ਵਿਖੇ ਮਹੀਨਾਵਾਰ ਮੀਟਿੰਗ ਦੌਰਾਨ ਆਸ਼ਾ ਵਰਕਰਾਂ ਨੂੰ ਗਰਭਵਤੀ ਔਰਤਾਂ ਦਾ ਜਣੇਪਾ ਸਰਕਾਰੀ ਹਸਪਤਾਲਾਂ ਵਿੱਚ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਬੱਚਿਆਂ ਦੇ ਰੋਗਾਂ ਸਬੰਧੀ ਜਾਣਕਾਰੀ ਦਿੱਤੀ ਗਈ । ਆਸ਼ਾ ਵਰਕਰਾਂ ਦੀ ਮੀਟਿੰਗ ਦੌਰਾਨ ਐਸਐਮਓ ਡਾ. ਸੁਰਿੰਦਰ ਸਿੰਘ ਝੱਮਟ ਨੇ ਗਰਭਵਤੀ ਔਰਤਾਂ ਦਾ ਜਣੇਪਾ ਸਰਕਾਰੀ ਹਸਪਤਾਲ ਵਿੱਚ ਕਰਵਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਗਰਭਧਾਰਨ ਦੀ ਰਜਿਸਟਰੇਸ਼ਨ ਤੋਂ ਲੈ ਕੇ ਜਣੇਪੇ ਤੱਕ ਸਾਰਾ ਇਲਾਜ ਪੂਰਣ ਰੂਪ ਵਿੱਚ ਮੁਫਤ ਕੀਤਾ ਜਾਂਦਾ ਹੈ । 108 ਐਂਬੂਲੈਂਸ ਰਾਹੀਂ ਗਰਭਵਤੀ ਔਰਤਾਂ ਨੂੰ ਮੁਫਤ ਘਰ ਤੋਂ ਹਸਪਤਾਲ ਲੈਕੇ ਆਉਣ ਦਾ ਪ੍ਰਬੰਧ ਹੈ । ਇਸ ਮੌਕੇ ਆਰਬੀਐਸਕੇ ਦੇ ਨੋਡਲ ਅਫਸਰ ਡਾ. ਸਿਮਰਪਾਲ ਸਿੰਘ ਨੇ ਆਸ਼ਾ ਵਰਕਰਾਂ ਨੂੰ ਰਾਸ਼ਟਰੀਯ ਬਾਲ ਸਵਾਸਥ ਕਾਰਿਆਕਰਮ ਤਹਿਤ ਬੱਚਿਆਂ ਵਿੱਚ ਜਮਾਂਦਰੂ ਨੁਕਸ ਵਾਲੀਆਂ ਤੀਹ ਬਿਮਾਰੀਆਂ ਦੇ ਮੁਫਤ



ਇਲਾਜ ਸਬੰਧੀ ਜਾਣਕਾਰੀ ਦਿੱਤੀ । ਉਹਨਾਂ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ ਰਾਸ਼ਟਰੀਯ ਬਾਲ ਸਵਾਸਥ ਕਾਰਿਆਕਰਮ ਤਹਿਤ ਜਮਾਦਰੂ ਦਿਲ ਦੇ ਨੁਕਸ ਵਾਲੇ ਕਈ ਬੱਚਿਆਂ ਦਾ ਇਲਾਜ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚੋਂ ਬਿਲਕੁਲ ਮੁਫਤ ਕਰਵਾਇਆ ਗਿਆ ਹੈ । ਹੈਲਥ ਸੁਪਰਵਾਈਜਰ ਕੁਲਬੀਰ ਸਿੰਘ ਨੇ ਆਸ਼ਾ ਵਰਕਰਾਂ ਨੂੰ ਡੇਂਗੂ ਮਲੇਰੀਆ ਤੋਂ ਬਚਾਅ ਸਬੰਧੀ ਆਮ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ । ਉਹਨਾਂ ਕਿਹਾ ਕਿ ਘਰ ਘਰ ਸੰਦੇਸ਼ ਦਿੱਤਾ ਜਾਵੇ ਕਿ ਘਰ ਵਿੱਚ ਕੀਤੇ ਵੀ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ । ਹਰ ਹਫਤੇ ਕੂਲਰਾਂ, ਫਰਿਜ ਦੇ ਪਿਛਲੀਆਂ ਟਰੇਆਂ ਆਦਿ ਦਾ ਪਾਣੀ ਸੁਕਾ ਕੇ ਬਦਲਣਾ ਚਾਹੀਦਾ ਹੈ ।

# ਭਾਰਤ ਵਿਕਾਸ ਪ੍ਰੀਸ਼ਦ ਨੇ ਦੀਨਾਨਗਰ ਦੀ ਗਊਸ਼ਾਲਾ ਵਿੱਚ ਗਊਆਂ ਨੂੰ ਚਾਰਾ ਪਾਇਆ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਦੀਨਾਨਗਰ ਵੱਲੋਂ ਪ੍ਰਧਾਨ ਰਾਕੇਸ਼ ਮਹਾਜਨ ਦੀ ਪ੍ਰਧਾਨਗੀ ਹੇਠ ਗਊਸ਼ਾਲਾ ਵਿੱਚ ਗਊਆਂ ਨੂੰ ਚਾਰਾ ਚਰਾਇਆ ਗਿਆ। ਜਿਸ ਵਿੱਚ ਪ੍ਰੋਜੈਕਟ ਇੰਚਾਰਜ ਭਾਰਤ ਭੂਸ਼ਣ ਜੁਗਿਆਲੀਆ ਨੇ ਸ਼ਿਰਕਤ ਕੀਤੀ। ਰਾਧੇਸ਼ਿਆਮ ਮਹਾਜਨ ਨੇ ਕਿਹਾ ਕਿ ਗਾਂ ਵਿੱਚ 33 ਕਰੋੜ ਦੇਵੀ-ਦੇਵਤੇ ਨਿਵਾਸ ਕਰਦੇ ਹਨ। ਉਨ੍ਹਾਂ ਦੀ ਸੇਵਾ ਸਭ ਤੋਂ ਵੱਡੀ ਹੈ। ਗਊਆਂ ਨੂੰ ਮਾਰਨਾ ਨਹੀਂ ਚਾਹੀਦਾ। ਉਨ੍ਹਾਂ ਨੂੰ ਮਾਰਨ ਵਾਲਾ ਪਾਪ ਦਾ ਭਾਗੀਦਾਰ ਬਣ ਜਾਂਦਾ ਹੈ।




ਇਨ੍ਹਾਂ ਦੀ ਸੇਵਾ ਕਰਕੇ ਨੇਕੀ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਉਨਾਂ ਕਿਹਾ ਕਿ ਗਊ ਦੀ ਪਰਿਵਾਰ ਦੇ ਮੈਂਬਰ ਵਾਂਗ ਸੇਵਾ ਕਰਨੀ ਚਾਹੀਦੀ ਹੈ । ਵਿਜੇ ਕਾਂਸਰਾ ਨੇ ਕਿਹਾ ਕਿ ਦੇਖਿਆ ਗਿਆ ਹੈ ਕਿ ਜਦੋਂ ਇਹ ਪਸ਼ੂ ਦੁੱਧ ਦੇਣਾ ਬੰਦ ਕਰ ਦਿੰਦੇ ਹਨ ਤਾਂ ਕਈ ਲੋਕ ਇਨ੍ਹਾਂ ਨੂੰ ਆਵਾਰਾ ਛੱਡ ਦਿੰਦੇ ਹਨ। ਜਿਸ ਕਾਰਨ ਇਹ ਪਸ਼ੂ ਇੱਧਰ- ਉੱਧਰ ਘੁੰਮਦੇ ਰਹਿੰਦੇ ਹਨ ਅਤੇ ਸੜਕਾਂ 'ਤੇ ਆ ਜਾਂਦੇ ਹਨ। ਕਈ ਲੋਕ ਇਨ੍ਹਾਂ ਨਾਲ ਟਕਰਾ ਕੇ ਜ਼ਖਮੀ ਵੀ ਹੋ ਜਾਂਦੇ ਹਨ। ਸਾਨੂੰ ਉਨ੍ਹਾਂ ਨੂੰ ਕੁਰਾਹੇ ਛੱਡਣ ਦੀ ਬਜਾਏ ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ। ਪ੍ਰਧਾਨ ਰਾਕੇਸ਼ ਮਹਾਜਨ ਨੇ ਕਿਹਾ ਕਿ ਗਾਂ ਨੂੰ ਮਾਰਨ ਵਾਲੇ ਲਈ ਨਰਕ ਚ ਵੀ ਜਗ੍ਹਾ ਨਹੀਂ ਹੈ। ਗਊਆਂ ਦੀ ਸੇਵਾ ਕਰਕੇ ਦੇਵੀ ਦੇਵਤੇ ਵੀ ਪ੍ਰਸੰਨ ਹੁੰਦੇ ਹਨ ਅਤੇ ਜਿੱਥੇ ਗਊਆਂ ਦੀ ਸੇਵਾ ਕੀਤੀ ਜਾਂਦੀ ਹੈ ਉਨ੍ਹਾਂ ਘਰਾਂ ਚ ਨਕਾਰਾਤਮਕ ਸ਼ਕਤੀਆਂ ਦੂਰ ਰਹਿੰਦੀਆਂ ਹਨ । ਇਸ ਲਈ ਉਨ੍ਹਾਂ ਨੂੰ ਮਾਰਨ ਦੀ ਬਜਾਏ ਉਨ੍ਹਾਂ ਦੀ ਸੇਵਾ ਕੀਤੀ ਜਾਵੇ। ਇਸ ਮੌਕੇ ਰਾਧੇਸ਼ਿਆਮ ਮਹਾਜਨ, ਸ. ਵਿਨੋਦ ਸ਼ਰਮਾ, ਕਮਲ ਮਹਾਜਨ, ਵਿਜੇ ਕਾਂਸਰਾ, ਭਾਰਤ ਭੂਸ਼ਣ ਜੁਗਿਆਲੀਆ, ਮੋਹਿਤ ਅਗਰਵਾਲ, ਕਮਲ ਮਹਾਜਨ, ਈਸ਼ਵਰ ਭੱਲਾ, ਹਰੀਸ਼ ਸ਼ਰਮਾ, ਸੰਜੀਵ ਮਹਾਜਨ, ਭਗਵਾਨ ਸਿੰਘ ਬਾਜਵਾ, ਸਤਪਾਲ ਸ਼ਰਮਾ, ਮਾਸਟਰ ਕੇਵਲ ਕ੍ਰਿਸ਼ਨ ਮਹਾਜਨ, ਆਦਿਤਿਆ ਗੁਪਤਾ ਅਤੇ ਕੌਂਸਲ ਦੇ ਹੋਰ ਮੈਂਬਰ ਹਾਜ਼ਰ ਸਨ।

# ਵਪਾਰਕ ਮਾਈਨਿੰਗ ਸਾਈਟਾਂ ਦੀ ਨਿਲਾਮੀ ਮੌਕੇ ਐਸ ਬੀ ਐਸ ਨਗਰ ਵਿੱਚ ਇੱਕੋ ਜਿਹੇ ਉੱਚਤਮ ਬੋਲੀਕਾਰਾਂ ਦੇ ਫ਼ੈਸਲੇ ਵਾਸਤੇ ਕਮੇਟੀ ਦੀ ਮੀਟਿੰਗ 9 ਮਈ ਨੂੰ

ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)ਵਪਾਰਕ ਮਾਈਨਿੰਗ ਸਾਈਟਾਂ ਦੀ ਚੱਲ ਰਹੀ ਟੈਂਡਰਿੰਗ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ, ਪੰਜਾਬ ਸਰਕਾਰ ਨੇ 21 ਅਪ੍ਰੈਲ, 2023 ਨੂੰ ਗਠਿਤ ਕੀਤੀਆਂ ਜ਼ਿਲ੍ਹਾ ਪੱਧਰੀ ਮੁਲਾਂਕਣ ਕਮੇਟੀਆਂ ਨੂੰ ਉਨ੍ਹਾਂ ਕੇਸਾਂ ਦਾ ਫੈਸਲਾ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ ਵਿੱਚ ਉੱਚਤਮ ( ਐੱਚ 1) ਬੋਲੀਕਾਰਾਂ ਦੀ ਗਿਣਤੀ ਇੱਕ ਤੋਂ ਵਧੀਕ ਹੋਵੇ। ਜ਼ਿਲ੍ਹਾ ਮਾਈਨਿੰਗ ਅਫ਼ਸਰ-ਕਮ-ਕਾਰਜਕਾਰੀ ਇੰਜਨੀਅਰ ਡਰੇਨੇਜ-ਕਮ-ਮਾਈਨਿੰਗ ਡਿਵੀਜ਼ਨ, ਸ਼ਹੀਦ ਭਗਤ ਸਿੰਘ ਨਗਰ, ਹੈਪੀ ਕੁਮਾਰ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਪੰਜਾਬ ਸਰਕਾਰ ਵਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹਾ ਪੱਧਰੀ ਲੋਟਸ ਇਵੈਲੂਏਸ਼ਨ (ਮੁਲਾਂਕਣ) ਕਮੇਟੀ ਦੀ ਮੀਟਿੰਗ 9 ਮਈ ਨੂੰ ਸਵੇਰੇ 9:30 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੁਲਾਈ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਦੋ ਵਪਾਰਕ ਸਾਈਟਾਂ, ਕਲੱਸਟਰ ਨੰਬਰ 13 (ਅਰਾਜ਼ੀ ਦਰਿਆ ਬਰਾਮਦ ਰੈਲ-1 ਅਤੇ ਅਰਾਜ਼ੀ ਦਰਿਆ ਬਰਾਮਦ ਰੈਲ-2) ਅਤੇ ਕਲੱਸਟਰ ਨੰਬਰ 14 (ਦਰਿਆ ਬਰਾਮਦ ਰੈਲ-3), ਦੇ ਟੈਂਡਰ ਮੰਗੇ ਗਏ ਸਨ। ਤਕਨੀਕੀ ਬੋਲੀਆਂ ਖੋਲ੍ਹੇ ਜਾਣ ਬਾਅਦ ਸ਼ਰਤਾਂ ਪੂਰੀਆਂ ਕਰਦੇ ਬੋਲੀਕਾਰਾਂ ਦੀਆਂ ਵਿੱਤੀ ਬੋਲੀਆਂ 9 ਮਈ ਨੂੰ ਸਵੇਰੇ 9:30 ਵਜੇ ਉਕਤ ਕਮੇਟੀ ਦੀ ਹਾਜ਼ਰੀ ਵਿੱਚ ਖੋਲ੍ਹੀਆਂ ਜਾਣਗੀਆਂ, ਉਨ੍ਹਾਂ ਕਿਹਾ ਕਿ ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈ ਰਹੇ ਬੋਲੀਕਾਰਾਂ ਨੂੰ ਉਕਤ ਨਿਰਧਾਰਤ ਮਿਤੀ ਅਤੇ ਸਮੇਂ 'ਤੇ ਹਾਜ਼ਰ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸਭ ਤੋਂ ਉੱਚੇ ਬੋਲੀਕਾਰ ਇੱਕ ਤੋਂ ਵਧੀਕ ਹੋ ਜਾਂਦੇ ਹਨ ਤਾਂ ਅੰਤਮ ਫੈਸਲਾ 'ਲੋਟਸ ਮੁਲਾਂਕਣ ਕਮੇਟੀਆਂ' ਵੱਲੋਂ ਬੋਲੀਕਾਰਾਂ ਦੀ ਮੌਜੂਦਗੀ ਵਿੱਚ 'ਡਰਾਅ ਆਫ਼ ਲੋਟਸ ' ਦੀ ਵਿਧੀ ਰਾਹੀਂ ਲਿਆ ਜਾਵੇਗਾ।

# ਸੁਪਰ ਏਟਰਟੇਨ ਗਰੁੱਪ ਵੱਲੋਂ ਸ਼ਿਵ ਕੁਮਾਰ ਬਟਾਲਵੀਂ ਨੂੰ ਦਿੱਤੀ ਗਈ ਸ਼ਰਧਾਂਜਲੀ

## ਸੁਪਰ ਏਂਟਰਟੇਨਮੈਂਟ ਮਿਉਸੀਕਲ ਗਰੁੱਪ ਨੇ ਕੀਲੇ ਗੁਰੂ ਨਗਰੀ ਦੇ ਕੀਲੇ ਸਰੋਤੇ



ਸ਼ਿਵ ਕੁਮਾਰ ਬਟਾਲਵੀਂ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਰੁੱਪ ਦੇ ਮੈਂਬਰ।

ਅੰਮ੍ਰਿਤਸਰ (ਵਿਰਦੀ) ਹਰ ਐਤਵਾਰ ਦੀ ਤਰ੍ਹਾਂ ਸੁਪਰ ਏਂਟਰਟੇਨਮੈਂਟ ਗਰੁੱਪ ਨੇ ਅੰਮ੍ਰਿਤਸਰ ਦੇ ਇਤਿਹਾਸਕ ਰਾਮਬਾਗ ਜਿਸ ਨੂੰ ਕੰਪਨੀ ਬਾਗ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਰੋਜਾਨਾ ਸੈਰ ਕਰਨ ਆਉਂਦੇ ਬਹੁਤ ਤਦਾਦ ਵਿਚ ਸ਼ੌਕੀ ਨਾਂ ਦਾ ਆਪਣੇ ਮਿਊਜੀਕਲ ਨਾਲ, ਕੀਲ ਕੇ ਰੱਖ ਦਿੱਤਾ। ਇਸ ਗਰੁੱਪ ਫਰੈਂਡਲੀ ਗਰੁੱਪ ਦੇ ਸਾਬਕਾ ਮੈਨੇਜਿੰਗ ਡਾਇਰੈਕਟਰ ਤੇ ਵਰਤਮਾਨ ਪੈਟਰਨ ਯੋਗੇਸ਼ ਰਾਜ,ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਸੰਜੇ ਮਹੇਸ਼ਵਰੀ, ਪ੍ਰਧਾਨ ਗੋਲਡੀ ਮੱਟੂ, ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਕੌਰ ਤੇ ਰਾਈਜਿੰਗ ਸਟਾਰ ਗਰੁੱਪ ਦੇ ਸੰਚਾਲਕ ਤੇ ਵਰਤਮਾਨ ਸਕੱਤਰ ਜਨਕ ਕੁਮਾਰ ਦੇ ਯਤਨਾਂ ਨਾਲ ਇਕ ਨਵੇਂ ਰੂਪ ਵਿਚ ਅੱਜ ਰਾਮਬਾਗ ਵਿਚ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਕਲੱਬ ਹਾਜ਼ਰ ਮੈਂਬਰਾਂ ਦੇ ਸੈਰ ਕਰਨ ਆਏ ਲੋਕਾਂ ਨੇ ਸ਼ਿਵ ਕੁਮਾਰ ਬਟਾਲਵੀਂ ਦੀ ਤਸਵੀਰ ਅੱਗੇ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਉਨ੍ਹਾਂ ਦੇ ਲਿਖੇ ਤੇ ਗਾਏ ਗੀਤਾਂ ਨੇ ਹਾਜ਼ਰ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਇਨ੍ਹਾਂ ਗੀਤਾਂ ਨਾਲ ਗਮਗੀਨ ਮਾਹੌਲ ਹੋ ਗਿਆ। ਜਿਸ ਨੂੰ ਦੂਰ ਕਰਨ ਲਈ ਇਸ ਗਰੁੱਪ ਵਿਚ ਆਪਣੇ ਆਰਕੈਸਟਰਾਂ ਗਰੁੱਪ ਨਾਲ ਸ਼ਾਮਲ ਹੋਏ ਜਨਕ ਕੁਮਾਰ ਨੇ ਆਪਣੀ ਟੀਮ ਨਾਲ ਜਿਸ ਵਿਚ ਅਕਾਸ਼, ਦੀਪ, ਲਵਪ੍ਰੀਤ, ਮਿਰਜਾ ਤੇ ਜਸਕਰਨ ਆਦਿ ਨ ਗਟਾਰ ਦੇ ਨਾਲ ਵਧੀਆਂ ਗੀਤਾਂ ਨਾਲ ਪੂਰੀ ਛਹਿਬਰ ਲਾ ਦਿੱਤੀ ਤੇ ਮਾਹੌਲ ਨੂੰ ਰਮਣੀਕ ਬਣਾ ਦਿੱਤਾ। ਦੇਖਦਿਆਂ ਦੇਖਦਿਆਂ ਇਹ ਸਮਾਗਮ ਇਕ ਵੱਡੇ ਇਕੱਠ ਵਿਚ ਤਬਦੀਲ ਹੋ ਗਿਆ ਤੇ ਸੈਰ ਕਰਨ ਦੇ ਸ਼ੌਕੀਨਾਂ ਨੇ ਸੰਗੀਤ ਦੀ ਤਾਲ ਨਾਲ ਨੱਚ ਕੇ ਆਪਣੇ ਦਿਨ ਦੀ ਸ਼ੁਰੂ ਕੀਤੀ। ਇਸ ਮੌਕੇ ਗੋਲਡੀ ਮੱਟੂ ਨੇ ਸੰਜੇ ਮਹੇਸ਼ਵਰੀ ਜੀ ਨੇ ਕਿਹਾ ਕਿ ਇਹ ਗਰੁੱਪ ਅੱਗੇ ਵਾਂਗ ਬਿਨ੍ਹਾਂ ਕਿਸੇ ਸ਼ੁਲਕ ਦੇ ਕੰਪਨ ਬਾਗ ਅੱਗੇ ਨਾਲੋਂ ਬੇਹਤਰ ਢੰਗ ਨਾਲ ਸੈਰ ਕਰਨ ਆਏ ਵੱਡੀ ਤਦਾਤ ਵਿਚ ਲੋਕਾਂ ਦਾ ਮੰਨੋਰੰਜਨ ਕਰਦਾ ਰਹੇਗਾ। ਇਸ ਮੌਕੇ ਪ੍ਰੋਗਰਾਮ ਕਮੇਟੀ ਦੇ ਚੇਅਰਮੈਨ ਰਾਕੇਸ਼ ਚੋਹਾਨ ਤੋਂ ਇਲਾਵਾ ਐਂਕਰ ਰਵੀ ਪ੍ਰਿੰਦਾ, ਰਾਜ ਕੁਮਾਰ ਮਨੀ, ਹਰੀ ਸਿੰਘ, ਹਰੀਸ਼, ਅਵਨੀਸ਼ ਖੋਸਲਾ, ਸਰਬਜੀਤ ਸਿੰਘ, ਪ੍ਰਦੀਪ ਕੁਮਾਰ, ਸੁਮਨ ਸ਼ਰਮਾ, ਕ੍ਰਿਸ਼ਨ ਲਾਲ, ਵਿਕਾਸ, ਰਾਕੇਸ਼ ਭਗਤ, ਅਨਿਲ ਚੋਪੜਾ, ਗੁਰਪ੍ਰੀਤ ਸਾਇਆ, ਰਾਜਵਿੰਦਰ ਕੌਰ ਰਾਜ ਆਦਿ ਹਾਜ਼ਰ ਸਨ।

# "ਨਸ਼ਿਆਂ ਦੀ ਖੇਤੀ ਕਰਨ ਦੇ ਸਲਾਹਕਾਰ ਅਤੇ ਪੰਜਾਬ ਦੀ ਜਵਾਨੀ "!

ਕੀਰਤਪੁਰ ਸਾਹਿਬ (ਜੋਗਿੰਦਰ ਰਾਣਾ, ਰਾਜਿੰਦਰ ਧੀਮਾਨ) ਮੈਂ ਆਮ ਕੁੱਝ ਲੋਕਾਂ ਨੂੰ ਪੰਜਾਬ ਵਿੱਚ ਅਫ਼ੀਮ, ਖ਼ਸਖ਼ਸ, ਡੋਡਿਆਂ ਅਤੇ ਭੰਗ ਦੀ ਖੇਤੀ ਕਰਨ ਦੀ ਬਹੁੱਤ ਪੈਰੋਕਾਰੀ ਕਰਦੇ ਅਤੇ ਉਸਦੇ ਹੱਕ ਵਿੱਚ ਮਨਘੜਤ ਦਲੀਲਾਂ ਦੇਂਦੇ ਵੇਖੇ ਕਿ ਪੰਜਾਬ ਸਰਕਾਰ ਨੂੰ ਇਨ੍ਹਾਂ ਨਸ਼ਿਆਂ ਦੀ ਕਾਨੂੰਨੀ ਤੌਰ ਪਰ ਖੇਤੀ ਕਰਨ ਦੀ ਮਾਨਤਾ ਦੇਣੀ ਚਾਹੀਦੀ ਹੈ। ਇਸ ਪੁਜਨੀਏ ਖੇਤੀ ਲਈ ਕੁੱਝ ਪੜ੍ਹੇ ਲਿਖੇ ਵਿਦਵਾਨ ਆਪਣੀ ਹਿੱਸੇਦਾਰੀ ਦਲੀਲਾਂ ਨਾਲ ਪਾ ਰਹੇ ਹਨ।

ਅਸੀਂ ਆਮ ਅਫ਼ੀਮ ਖਾਣ ਵਾਲੇ ਨੂੰ ਅਫੀਮਚੀ ਜਾਂ ਅਮਲੀ ਕਹਿ ਕੇ ਸੰਬੋਧਨ ਕਰਦੇ ਹਾਂ ਤਾਂ ਕਿ ਇਹ ਅਫ਼ੀਮ ਦੀ ਖੇਤੀ ਦੀ ਸਲਾਹ ਦੇਣ ਵਾਲੇ ਅਪਣੇ ਬੱਚਿਆਂ ਨੂੰ ਅਫ਼ੀਮ ਖਾਣ ਦੀ ਆਦਤ ਪਾਉਣਗੇ ਜਾਂ ਇਹ ਚਾਹੁਣਗੇ ਕਿ ਉਨ੍ਹਾਂ ਦੀ ਔਲਾਦ ਨੂੰ ਕੋਈ ਅਮਲੀ ਕਹਿ ਕੇ ਬੁਲਾਏ। ਜੇਕਰ ਇਹ ਅਪਣੇ ਬੱਚਿਆਂ ਤੇ ਅਜਿਹੇ ਤੰਜ ਬਰਦਾਸ਼ਤ ਨਹੀਂ



ਮਾਸਟਰ ਯੋਗ ਰਾਜ ਦੀ ਤਸਵੀਰ ।

ਕਰ ਸੱਕਦੇ ਤਾਂ ਦੂਜਿਆਂ ਦੇ ਬੱਚਿਆਂ ਨੂੰ ਇਸ ਦਲਦੱਲ ਵਿੱਚ ਕਿਉਂ ਧਕੇਲਣਾਂ ਚਾਹੁੰਦੇ ਹਨ? ਮੈਨੂੰ ਮੁਹੰਮਦ ਸਦੀਕ ਦਾ ਗੀਤ ਯਾਦ ਆਉਂਦਾ "ਮੁੱਕ ਗਈ ਫ਼ੀਮ ਡੱਬੀ ਵਿੱਚੋਂ ਯਾਰੋ , ਅੱਜ ਕੋਈ ਅਮਲੀ ਦਾ ਡੰਗ ਸਾਰੋ"! ਕੀ ਪੰਜਾਬ ਦੀ ਜਵਾਨੀ ਦੀ ਜੇਬ ਵਿੱਚ ਖੁੱਲ੍ਹੇਆਮ ਫ਼ੀਮ ਦੀਆਂ ਡੱਬੀਆਂ ਰੱਖਣੀਆਂ ਚਾਹੁੰਦੇ ਹੋ? ਸੋ ਏਨਾਂ ਨਸ਼ਿਆਂ ਦੀ ਪੈਰੋਕਾਰੀ ਕਰਨ ਨਾਲੋ ਪੰਜਾਬ ਨੂੰ ਮੁੜ ਦੁਬਾਰਾ ਦੁੱਧ ਘਿਓ ਅਤੇ ਫ਼ਲਾਂ ਫਰੂਟਾਂ ਦਾ ਰਾਜ ਬਣਾਈਏ। ਪੰਜਾਬੀ ਜਵਾਨੀ ਨੂੰ ਬਚਾਈਏ ਨਾਕੇ ਖੋਖਲਾ ਕਰੀਏ। ਮੈਂ ਤੁਹਾਨੂੰ ਯਾਦ ਕਰਵਾ ਦੇਂਦਾ ਹਾਂ ਦੁਨੀਆਂ ਦਾ ਕੋਈ ਵੀ ਦੇਸ਼ ਜਿੱਥੇ ਨਸ਼ਿਆਂ ਦੀ ਖੁੱਲ ਸੀ, ਅੱਜ ਜਹਾਲਤ ਭਰੀ ਜਿੰਦਗੀ ਬਤੀਤ ਕਰ ਰਹੇ ਕਿਉਂਕਿ ਉਹ ਦੇਸ਼ ਦੀ ਕੀ ਆਪਣੀ ਰੱਖਿਆ ਨਹੀਂ ਕਰ ਸਕਦੇ। ਇਥੋਂ ਤੱਕ ਅਫ਼ਗ਼ਾਨਿਸਤਾਨ ਨੇ ਵੀ ਏਨਾਂ ਦੀ ਖੇਤੀ ਤੇ ਪਾਬੰਧੀ ਲੱਗਾ ਦਿੱਤੀ। ਕੁੱਝ ਗਿਆਨਵਾਨ ਗਵਾਂਢੀ ਰਾਜਾਂ ਦੀਆਂ ਉਦਾਹਰਣਾਂ ਦਿੰਦੇ, ਤੁਸੀਂ ਪੰਜਾਬ ਦੀ ਤੁਲਨਾਂ ਪਿੱਛਲੱਗੂ ਨਾਲ ਨਾ ਕਰੋ। ਜਿੱਥੇ ਅਜਿਹੇ ਪਦਾਰਥਾਂ ਦੀ ਖੇਤੀ ਦੀ ਖੁੱਲ੍ਹ ਹੈ ਉਥੇ ਇਸਦੇ ਵਿਉਪਾਰੀ ਜ਼ਿਆਦਾ ਹਨ ਖਾਣ ਵਾਲੇ ਮਰੀਜ਼ ਹਨ। ਅਜਿਹੀਆਂ ਖੇਤੀਆਂ ਦੀ ਵਕਾਲਤ ਕਰਨ ਵਾਲਿਆਂ ਨੂੰ ਹਰ ਰੋਜ਼ ਦੀਆਂ ਖਬਰਾਂ ਵੱਲ ਧਿਆਨ ਦੇਣਾ ਚਾਹੀਦਾ ਜਿੱਥੇ ਪੰਜਾਬ ਤੋਂ ਦੋ ਚਾਰ ਪੰਜਾਬੀ ਨਸ਼ਿਆਂ ਦਾ ਸ਼ਿਕਾਰ ਹੁੰਦੇ, ਘੱਟੋ ਘੱਟ ਉਨ੍ਹਾਂ ਮਾਵਾਂ ਭੈਣਾਂ ਦੀਆਂ ਚੀਕਾ ਹੀ ਸੁਣ ਲਵੋ।

ਇਸ ਸਬੰਧੀ ਮੈਂ ਪੰਜਾਬ ਸਰਕਾਰ ਨੂੰ ਵੀ ਆਗਾਹ ਕਰਨਾ ਚਾਹੁੰਦਾ ਕਿ ਜੇਕਰ ਕੋਈ ਇਸ ਤਰਾਂ ਦਾ ਮਾਰੂ ਫੈਸਲਾ ਕੀਤਾ ਤਾਂ ਹੋ ਸੱਕਦਾ ਪੰਜਾਬ ਵਿੱਚ ਬਾਕੀ ਖੇਤੀ ਨਾਂਮਾਤਰ ਹੋਵੇ ਹਰੇਕ ਪਾਸੇ ਅਫ਼ੀਮ, ਡੋਡਿਆਂ, ਭੰਗ ਅਤੇ ਖ਼ਸਖ਼ਸ ਦੇ ਖੇਤ ਹੋਣ ਅਤੇ ਐਨਾਂ ਦਾ ਸੇਵਨ ਕਰਨ ਵਾਲੇ ਖੇਤਾਂ ਦੇ ਆਲੇ ਦੁਆਲੇ ਹੀ ਖਾਹ ਕੇ ਲਿੱਟ ਰਹੇ ਹੋਣ। ਇਹ ਵੀ ਹੋ ਸੱਕਦਾ ਪੰਜਾਬ ਅੰਨ ਉਤਪਾਦਨ ਵਿੱਚ ਪਿੱਛੜ ਜਾਵੇ ਨਸ਼ਿਆਂ ਵਿੱਚ ਨੰਬਰ ਇਕ ਤੇ ਆ ਜਾਵੇ। ਸੋ ਕੁੱਝ ਲੋਕਾਂ ਦੇ ਨਸ਼ਿਆਂ ਦੀ ਪੂਰਤੀ ਲਈ ਪੰਜਾਬ ਨੂੰ ਅੱਗ ਦੀ ਭੱਠੀ ਵਿੱਚ ਨਹੀਂ ਠੋਸਿਆ ਜਾ ਸੱਕਦਾ। ਅੱਜ ਦੇ ਸਲਾਹਕਾਰ ਕੱਲ੍ਹ ਦੇ ਵਿਉਪਾਰੀ ਹੋਣਗੇ ਜਿਨ੍ਹਾਂ ਨੂੰ ਪੰਜਾਬ ਦੀ ਵਿਸ਼ਾਲ ਮੰਡੀ ਮਿਲ ਜਾਵੇਗੀ। ਅੱਜ ਸਾਨੂੰ ਪੰਜਾਬ ਨੂੰ ਚਿੱਟੇ ਤੋਂ ਬਚਾਉਣ ਦੀ ਲੋੜ ਹੈ ਇਕ ਹੋਰ ਕਾਲੇ ਦੀ ਪ੍ਰਿਸ਼ਟ ਭੂਮੀ ਤਿਆਰ ਨਾ ਕਰੋ ਕਿਉਂਕਿ ਪੰਜਾਬ ਨਸ਼ਿਆਂ ਦੀ ਦਲਦਲ ਵਿੱਚ ਹੋਰ ਆਹੂਤੀਆਂ ਦੇਣ ਨੂੰ ਤਿਆਰ ਨਹੀਂ।

# ਨਕਾਬਪੋਸ਼ ਚੋਰਾਂ ਵਲੋ ਸ਼ਹਿਰ ਵਿਚ ਦੂਜੀ ਵਾਰਦਾਤ ਇੱਕੋ ਰਾਤ ਤਿੰਨ ਘਰਾਂ ਨੂੰ ਬਣਾਇਆ ਨਿਸ਼ਾਨਾ

## ਤੇਜਾ ਵਕੀਲ ਤੇ ਮੁਨਸ਼ੀ ਦੇ ਘਰ ਵੀ ਹੋ ਗਈ ਚੋਰੀ

ਸ੍ਰੀ ਅਨੰਦਪੁਰ ਸਾਹਿਬ ( ਜੋਗਿੰਦਰ ਰਾਣਾ, ਰਾਜਿੰਦਰ ਧੀਮਾਨ) ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਬੀਤੀ ਇੱਕੋ ਰਾਤ ਵਿੱਚ ਨਕਾਬਪੋਸ਼ ਚੋਰਾਂ ਦੇ ਬੀਤੇ ਕਈ ਦਿਨਾਂ ਤੋਂ ਸਰਗਰਮ ਹੋਏ ਗਿਰੋਹ ਨੇ 3 ਘਰਾਂ ਨੂੰ ਆਪਣਾ ਨਿਸ਼ਾਨਾ ਬਣਾਇਆ ਅਤੇ ਨਕਦੀ ਅਤੇ ਨਕਲੀ ਸੋਨੇ ਦੇ ਗਹਿਣੇ ਲੈ ਕੇ ਫਰਾਰ ਹੋ ਗਏ। ਮੁਹੱਲਾ ਸ਼ੀਸ਼ ਗੰਜ ਅਤੇ ਮੁਹੱਲਾ ਧਰੇਲਪੁਰਾ ਵਿੱਚ ਸਾਰੀ ਰਾਤ ਤੋਂਏ ਤੋਂਏ ਹੁੰਦੀ ਰਹੀ। ਇਹਨਾਂ ਚੋਰੀ ਦੀਆਂ ਘਟਨਾਵਾਂ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਬਾਰ ਐਸੋਸੀਏਸ਼ਨ ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਸੈਕਟਰੀ ਐਡਵੋਕੇਟ ਸੁਰਜੀਤ ਸਿੰਘ ਤੇਜਾ ਨੇ ਦੱਸਿਆ ਕਿ ਚੋਰਾ ਨੇ ਮੇਰੇ ਮੁਨਸ਼ੀ ਜਸਪਾਲ ਸਿੰਘ ਜੱਸਾ ਦੇ ਘਰ ਵਿੱਚ ਦਾਖਲ ਹੋ ਕੇ



ਉਸਦੀ ਨਗਦੀ ਚੋਰੀ ਕਰ ਲਈ ਹੈ, ਇਸੇ ਤਰ੍ਹਾਂ ਗੁਰਦੁਆਰਾ ਸੀਸ ਗੰਜ ਮੁਹੱਲਾ ਵਿਖੇ ਚੋਰਾਂ ਨੇ ਇਕ ਘਰ ਵਿਚ ਦਾਖ਼ਲ ਹੋ ਕੇ ਸੋਨੇ ਦੇ ਭਲੇਖੇ ਨਕਲੀ ਗਹਿਣੇ ਚੋਰੀ ਕਰ ਲਏ ਇਸੇ ਤਰ੍ਹਾਂ ਇਕ ਹੋਰ ਘਰ ਵਿਚ ਦਾਖ਼ਲ ਹੋ ਕੇ ਚੋਰਾਂ ਵੱਲੋਂ ਪਹਿਲਾਂ ਕੂਲਰ ਵਿੱਚ ਕੋਈ ਦਵਾਈ ਮਿਲਾ ਕੇ ਫੇਰ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਇਸ ਘਰ ਵਿੱਚੋਂ ਨਕਦੀ ਚੋਰੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਕਾਰਨ ਲੋਕਾਂ ਵਿਚ ਕਾਫੀ ਦਹਿਸ਼ਤ ਪਾਈ ਜਾ ਰਹੀ ਹੈ। ਮੁਹੱਲੇ ਦੇ ਰਹਿਣ ਵਾਲੇ ਲੋਕਾਂ ਨੇ ਚੋਰਾਂ ਨੂੰ ਘੇਰਾ ਪਾ ਲਿਆ ਸੀ ਨੀਲੇ ਰੰਗ ਦੇ ਪਟਕੇ ਬੰਨੇ ਅਤੇ ਚਿੱਟੇ ਰੰਗ ਦੇ ਚੋਰਾਂ ਦੇ ਮੂੰਹ ਤੇ ਰੁਮਾਲ ਬੰਨ੍ਹੇ ਹੋਏ ਸਨ ਇਕ ਥਾਂ ਤੇ ਲੁਕ ਕੇ ਚੋਰੀ ਕਰਨ ਦੀ ਤਿਆਰੀ ਵਿੱਚ ਬੈਠਾ ਹੋਇਆ 1 ਚੋਰ ਜਿਹਦਾ ਕੱਦ ਕਾਫ਼ੀ ਲੰਬਾ ਸੀ ਜਿਹੜਾ ਕਾਫ਼ੀ ਫੁਰਤੀਲਾ ਹੋਣ ਕਾਰਨ ਲੋਕਾਂ ਦੇ ਘੇਰੇ ਨੂੰ ਤੋੜ ਕੇ ਨਿਕਲ ਗਿਆ। ਕੁਝ ਹੀ ਦਿਨਾਂ ਵਿੱਚ ਇਹ ਸ਼ਹਿਰ ਵਿੱਚ ਚੋਰੀ ਦੀ ਦੂਜੀ ਵਾਰਦਾਤ ਦੀ ਘਟਨਾ ਹੈ। ਐਡਵੋਕੇਟ ਸੁਰਜੀਤ ਸਿੰਘ ਤੇਜਾ ਨੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਵਿਚ ਰਾਤ ਦੀ ਗਸ਼ਤ ਵਧਾਈ ਜਾਵੇ। ਅਤੇ ਚੋਰਾਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇ। ਤਾਂ ਕਿ ਸ਼ਹਿਰ ਦੇ ਲੋਕ ਸੁੱਖ ਦੀ ਨੀਂਦ ਸੌਂ ਸਕਣ।

# ਦੂਰਦਰਸ਼ਨ ਦੇ ਪੱਤਰਕਾਰ ਰਾਜੇਸ਼ ਗੁਪਤਾ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ

ਰੂਪਨਗਰ/ ਸ੍ਰੀ ਅਨੰਦਪੁਰ ਸਾਹਿਬ ( ਜੋਗਿੰਦਰ ਰਾਣਾ, ਰਾਜਿੰਦਰ ਧੀਮਾਨ) ਮਾਨਸਾ ਜ਼ਲਿੇ ਦੇ ਸੂਝਵਾਨ ਤੇ ਕਲਮ ਦੇ ਧਨੀ ਦੂਰਦਰਸ਼ਨ ਦੇ ਪੱਤਰਕਾਰ ਰਾਜੇਸ਼ ਗੁਪਤਾ ਜੀ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ ਉਹ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਤੇ ਬੀਤੀ 29 ਅਪ੍ਰੈਲ ਨੂੰ ਉਹ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰਕੇ ਪ੍ਰਭੂ ਦੇ ਚਰਨਾਂ ਵਿਚ ਜਾ ਬਿਰਾਜੇ ਹਨ ਪੱਤਰਕਾਰ ਰਾਜੇਸ਼ ਗੁਪਤਾ ਦੀ ਬੇਵਕਤੀ ਮੌਤ ਪੱਤਰਕਾਰ ਭਾਈਚਾਰੇ ਵਿਚ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਰਹੇਗਾ



ਪੱਤਰਕਾਰ ਰਾਜੇਸ਼ ਗੁਪਤਾ ਦੀ ਫਾਈਲ ਫੋਟੋ

ਇਥੇ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਰਾਜੇਸ਼ ਗੁਪਤਾ ਦੀ ਵੱਖ ਵੱਖ ਚੈਨਲਾਂ ਅਖਬਾਰਾਂ ਤੇ ਦੂਰ ਦਰਸ਼ਨ ਜਲੰਧਰ ਵਿੱਚ ਵੀ ਬਤੌਰ ਪੱਤਰਕਾਰ ਕੰਮ ਕਰ ਚੁੱਕੇ ਹਨ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਸਮਾਜ ਪ੍ਰਤੀ ਕੰਮਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਉੱਚੀ ਤੇ ਸੁੱਚੀ ਕਲਮ ਦੇ ਧਨੀ ਹਮੇਸ਼ਾ ਪੱਤਰਕਾਰਾਂ ਦੀ ਬਾਂਹ ਫੜਨ ਵਾਲੇ ਰਾਜੇਸ ਗੁਪਤਾ ਜੀ ਦੇ ਚਲੇ ਜਾਣ ਨਾਲ ਪੱਤਰਕਾਰ ਭਾਈਚਾਰੇ ਵਿਚ ਪਿਆ ਘਾਟਾ ਵੀ ਕਦੇ ਪੂਰਾ ਨਹੀਂ ਹੋਵੇਗਾ ਪਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਤੇ ਗਰੁੜ ਪੁਰਾਣ ਦਾ ਭੋਗ 10 ਮਈ ਨੂੰ ਗਊਸ਼ਾਲਾ ਭਵਨ ਬਲਾਕ ਬੀ ਮਾਨਸਾ ਵਿਖੇ ਪਾਇਆ ਜਾਵੇਗਾ ਇਸ ਮੌਕੇ ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਬਲਵੀਰ ਸੰਧੂ ਪ੍ਰਧਾਨ ਪ੍ਰੈੱਸ ਕਲੱਬ (ਰਜਿ) ਸ੍ਰੀ ਅਨੰਦਪੁਰ ਸਾਹਿਬ, ਰਾਜਿੰਦਰ ਧੀਮਾਨ, ਜੋਗਿੰਦਰ ਰਾਣਾ, ਰਾਜ ਕੁਮਾਰ ਨੰਗਲ, ਸੁਰਜੀਤ ਸਿੰਘ ਢੇਰ, ਸ਼ਵਿ ਕੁਮਾਰ ਕਾਲੀਆ, ਦਿਨੇਸ਼ ਨੱਢਾ, ਦਵਿੰਦਰ ਨੱਡਾ, ਤੇਜਪਾਲ ਸਿੰਘ, ਅਮਨ ਸਿੰਘ ਅੰਗਰੇਜ਼, ਆਦਿ ਸਨ ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਪੰਜਾਬ ਸਟੇਟ ਬਾਕਸਿੰਗ ਚੈਂਪੀਅਨਸ਼ਿਪ ਦੇ ਦੂਜੇ ਦਿਨ ਐਸ.ਐਸ.ਪੀ ਅਵਨੀਤ ਕੋਰ ਸਿੱਧੂ ਨੇ ਵਧਾਇਆ ਖਿਡਾਰੀਆਂ ਦਾ ਹੌਂਸਲਾ

**●ਖੇਡਾਂ ਦੇ ਜਰੀਏ ਜਿੰਦਗੀ 'ਚ ਵੱਡੀ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ: ਐਸ.ਐਸ.ਪੀ ਸਿੱਧੂ● ਜਿਲ੍ਹਾ ਪ੍ਰਧਾਨ ਜਗਜੀਤ ਸਿੰਘ ਬਰਾੜ ਦੀ ਅਗਵਾਈ 'ਚ ਕਮੇਟੀ ਨੇ ਕੀਤਾ ਐਸ.ਐਸ.ਪੀ ਸਿੱਧੂ ਦਾ ਸਵਾਗਤ**

ਫਾਜ਼ਿਲਕਾ (ਲੋਕ ਬਾਣੀ) ਉਪਮੰਡਲ ਦੇ ਪਿੰਡ ਗਾਡਵਿਨ ਪਬਲਿਕ ਸਕੂਲ ਘੱਲੂ 'ਚ ਚੌਥੀ ਸਬ ਜੂਨੀਅਰ ਗਰਲਜ਼ ਪੰਜਾਬ ਸਟੇਟ ਬਾਕ-ਸਿੰਗ ਚੈਂਪੀਅਨਸ਼ਿਪ ਵਿੱਚ ਦੂਜੇ ਦਿਨ ਐਮਚਿਊਰ ਬਾਕ-ਸਿੰਗ ਐਸੋਸੀਏਸ਼ਨ ਦੇ ਜਿਲਾ ਪ੍ਰਧਾਨ ਅਤੇ ਮੈਨੇਜਿੰਗ ਡਾਇਰੈਕਟਰ ਗਾਡਵਿਨ ਪਬਲਿਕ ਸਕੂਲ ਘੱਲੂ ਸ. ਜਗਜੀਤ ਸਿੰਘ ਬਰਾੜ ਦੀ ਅਗਵਾਈ 'ਚ ਬਾਕਸਿੰਗ ਦੇ ਵੱਖ ਵੱਖ ਮੁਕਾਬਲੇ ਕਰਵਾਏ ਗਏ। ਚੈਂਪੀਅਨਸ਼ਿਪ ਦੇ ਦੂਜੇ ਦਿਨ ਐਸ.ਐਸ.ਪੀ ਅਵਨੀਤ ਕੋਰ ਸਿੱਧੂ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਅਤੇ ਖਿਡਾਰਨਾਂ ਦਾ ਹੌਂਸਲਾ ਵਧਾਇਆ।

ਇਸ ਤੋਂ ਪਹਿਲਾਂ ਜਿਲ੍ਹਾ ਪ੍ਰਧਾਨ ਸ. ਜਗਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਸਟੇਟ ਜਨਰਲ ਸਕੱਤਰ ਸੰਤੋਸ਼ ਦੱਤਾ, ਜਿਲਾ ਸਪੋਰਟਸ ਅਫਸਰ ਮਲੇਰਕੋਟਲਾ ਐਮ.ਡੀ ਹਬੀਬ, ਜਿਲਾ ਜਨਰਲ ਸਕੱਤਰ ਮੋਹਿਤ ਕੁਮਾਰ, ਮੈਨੇਜਿੰਗ ਕਮੇਟੀ ਮੈਂਬਰ ਮੈਡਮ ਲਖਵਿੰਦਰ ਕੋਰ ਬਰਾੜ, ਮੈਨੇਜਿੰਗ ਕਮੇਟੀ ਮੈਂਬਰ ਐਡਵੋਕੇਟ ਮਨਿੰਦਰ ਸਿੰਘ ਸਰਾਂ, ਪ੍ਰਿੰਸੀਪਲ ਅਭਿਲੇਖ ਸ਼ਰਮਾ, ਹਰਿੰਦਰ ਸਿੰਘ ਹੈਪੀ ਅਤੇ ਰਜਤ




ਸੁਥਾਰ ਸਮੇਤ ਸਮੂਹ ਕਮੇਟੀ ਅਤੇ ਮੈਂਬਰਾਂ ਵੱਲੋਂ ਐਸ.ਐਸ.ਪੀ ਅਵਨੀਤ ਕੋਰ ਸਿੱਧੂ ਨੂੰ ਫੁੱਲਾਂ ਦੇ ਬੁੱਕੇ ਦੇ ਕੇ ਸਵਾਗਤ ਕੀਤਾ ਗਿਆ।ਇਸ ਮੌਕੇ ਤੇ ਐਸ.ਐਸ.ਪੀ ਅਵਨੀਤ ਕੋਰ ਸਿੱਧੂ ਨੇ ਪੰਜਾਬ ਭਰ ਤੋਂ ਬਾਕ-ਸਿੰਗ ਚੈਂਪੀਅਨਸ਼ਿਪ ਵਿੱਚ ਪੁੱਜੀਆਂ ਖਿਡਾਰਨਾਂ ਨਾਲ ਮੇਲ ਮਿਲਾਪ ਕਰਦਿਆਂ ਹੋਇਆਂ ਉਨ੍ਹਾਂ ਨੂੰ ਜਿੰਦਗੀ 'ਚ ਖੇਡਾਂ ਦਾ ਮਹੱਤਵ ਦੱਸਿਆ। ਐਸ.ਐਸ.ਪੀ ਸਿੱਧੂ ਨੇ ਕਿਹਾ ਕਿ ਸਾਡੀ ਜਿੰਦਗੀ 'ਚ ਖੇਡਾਂ ਬਹੁਤ ਅਹਿਮ ਹਨ ਅਤੇ ਖੇਡਾਂ ਦੇ ਜਰੀਏ ਜਿੰਦਗੀ 'ਚ ਵੱਡੀ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਅੱਜ ਉਹ ਆਪਣੀ ਜਿੰਦਗੀ 'ਚ ਜਿਸ ਮੁਕਾਮ ਤੇ ਹਨ, ਉਨ੍ਹਾਂ ਵਿੱਚ ਖੇਡਾਂ ਦਾ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਖੇਡਾਂ ਸਾਨੂੰ ਮਿਹਨਤ ਕਰਨਾ ਅਤੇ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ। ਉਨ੍ਹਾਂ ਨੇ ਸਟੇਟ ਪੱਧਰ ਬਾਕਸਿੰਗ ਚੈਂਪੀਅਨਸ਼ਿਪ ਦੇ ਲਈ ਐਮਚਿਊਰ ਬਾਕਸਿੰਗ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਸ. ਜਗਜੀਤ ਸਿੰਘ ਬਰਾੜ ਸਮੇਤ ਸਮੂਹ ਟੀਮ ਦੀ ਤਾਰੀਫ ਕਰਦਿਆਂ ਵਧਾਈ ਦਿੱਤੀ। ਇਸ ਮੌਕੇ ਤੇ ਉਨ੍ਹਾ ਵੱਲੋਂ ਚੈਂਪੀਅਨਸ਼ਿਪ ਦੇ ਮੈਚਾਂ ਦੀ ਸ਼ੁਰੂਆਤ ਕਰਵਾਈ ਗਈ।

ਇਸ ਮੌਕੇ ਤੇ ਜਿਲ੍ਹਾ ਪ੍ਰਧਾਨ ਸ. ਜਗਜੀਤ ਸਿੰਘ ਬਰਾੜ ਨੇ ਐਸ.ਐਸ.ਪੀ ਅਵਨੀਤ ਕੋਰ ਸਿੱਧੂ ਦਾ ਧੰਨਵਾਦ ਕਰਦਿਆ ਕਿਹਾ ਕਿ ਮੈਡਮ ਅਵਨੀਤ ਕੋਰ ਸਿੱਧੂ ਦਾ ਜੀਵਨ ਅਤੇ ਉਨ੍ਹਾਂ ਦੀਆਂ ਉਪਲਬਧੀਆਂ ਅਸਲ 'ਚ ਕਾਬਿਲ ਏ ਤਾਰੀਫ ਹਨ ਜਿਸ ਤੋਂ ਅੱਜ ਦੇ ਨੋਜਵਾਨਾਂ ਨੂੰ ਸਿੱਖ ਲੈਂਦੇ ਹੋਏ ਅੱਗੇ ਵੱਧਣਾ ਚਾਹੀਦਾ ਹੈ ਅਤੇ ਖੇਡਾਂ ਨਾਲ ਵੱਧ ਤੋਂ ਵੱਧ ਜੁੜਣਾ ਚਾਹੀਦਾ ਹੈ। ਇਸ ਮੌਕੇ ਤੇ ਸੀਨੀਅਰ ਸਮਾਜਸੇਵੀ ਸ. ਸੁਖਵੰਤ ਸਿੰਘ ਬਰਾੜ ਵੱਲੋਂ ਉਚੇਚੇ ਤੋਰ ਤੇ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਤੇ ਜਿਲ੍ਹਾ ਪ੍ਰਧਾਨ ਸ. ਜਗਜੀਤ ਸਿੰਘ ਬਰਾੜ ਦੀ ਅਗਵਾਈ 'ਚ ਸਮੂਹ ਅਹੁਦੇਦਾਰਾਂ ਵੱਲੋਂ ਐਸ.ਐਸ.ਪੀ ਸਿੱਧੂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਕਿੱਡਜ ਕੇਅਰ ਸਕੂਲ ਅਵਾਂਖਾ ਦੇ ਵਿਹੜੇ ਚ ਪਹੁੰਚੀਆਂ ਮਹਾਨ ਸਖਸ਼ੀਅਤਾਂ ਦਾ ਕੀਤਾ ਗਿਆ ਸਨਮਾਨ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਬੀਤੇ ਕੱਲ ਦਿਨ ਸ਼ਨੀਵਾਰ ਕਿੱਡਜ ਕੇਅਰ ਇੰਟਰਨੈਸ਼ਨਲ ਸਕੂਲ ਅਵਾਂਖਾ ਦੇ ਵਿਹੜੇ ਵਿੱਚ ਸਕੂਲ ਦੇ ਪ੍ਰਧਾਨ ਅਰਵਿੰਦ ਮਹਿਤਾ ਦੀ ਅਗਵਾਈ ਚ ਆਰੀਆ ਸਮਾਜ ਦੇ ਪ੍ਰਧਾਨ ਸਵਾਮੀ ਸ੍ਰੀ ਆਰੀਆਵੇਸ਼ ਜੀ ਅਤੇ ਸਵਾਮੀ ਆਦਿਤਿਆਵੇਸ਼ ਜੀ ਪਹੁੰਚੇ। ਉਨ੍ਹਾਂ ਨੇ ਸਕੂਲ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਹੀ ਸਿੱਖਿਆ ਨਹੀਂ ਲੈਣੀ ਚਾਹੀਦੀ ਸਗੋਂ ਨੈਤਿਕ ਕਦਰਾਂ- ਕੀਮਤਾਂ ਅਤੇ ਨੈਤਿਕ ਕਰਤੱਵਾਂ ਨੂੰ ਵੀ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਇਨ੍ਹਾਂ ਕਦਰਾਂ- ਕੀਮਤਾਂ ਨੂੰ ਗ੍ਰਹਿਣ ਕਰਕੇ ਆਪਣੇ ਸਮਾਜ ਨੂੰ ਉੱਚਾ ਚੁੱਕ ਸਕੀਏ। ਸਵਾਮੀ




ਆਰੀਆਵੇਸ਼ ਜੀ ਨੇ ਕਿਹਾ ਕਿ ਬੱਚਿਆਂ ਨੂੰ ਦ੍ਰਿੜ ਸੰਕਲਪ ਲੈਣਾ ਚਾਹੀਦਾ ਹੈ ਕਿ ਅਸੀਂ ਸਮਾਜ ਦੀ ਉੱਨਤੀ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਅਤੇ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਦੀ ਕੋਸ਼ਿਸ਼ ਕਰੋ। ਸਵਾਮੀ ਆਰੀਆਵੇਸ਼ ਜੀ ਨੇ ਕਹਾਣੀਆਂ ਰਾਹੀਂ ਬੱਚਿਆਂ ਨੂੰ ਜੀਵਨ ਦੀਆਂ ਕਦਰਾਂ- ਕੀਮਤਾਂ ਦਾ ਪਾਠ ਪੜ੍ਹਾਇਆ। ਪ੍ਰਿੰਸੀਪਲ ਸ੍ਰੀਮਤੀ ਪ੍ਰੋਮਿਲਾ ਮਨਹਾਸ ਨੇ ਬੱਚਿਆਂ ਨੂੰ ਕਿਹਾ ਕਿ ਸਾਨੂੰ ਅਜਿਹੇ ਮਹਾਪੁਰਖਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਜੀਵਨ ਵਿਚ ਅੱਗੇ ਵਧਣਾ ਚਾਹੀਦਾ ਹੈ ਤਾਂ ਜੋ ਅਸੀਂ ਦੇਸ਼ ਨੂੰ ਤਰੱਕੀ ਵੱਲ ਲੈ ਜਾ ਸਕੀਏ। ਇਸ ਸਮੇਂ ਪੀ.ਆਰ.ਓ ਸ੍ਰੀ ਸੰਦੀਪ ਠਾਕੁਰ, ਕੌਂਸਲਰ ਸ੍ਰੀਮਤੀ ਡੌਲੀ ਰਾਣਾ, ਵਿੰਗ ਇੰਚਾਰਜ ਸ੍ਰੀਮਤੀ ਪਾਇਲ ਸ਼ਰਮਾ ਅਤੇ ਸਮੂਹ ਅਧਿਆਪਕ ਹਾਜ਼ਰ ਸਨ।

# ਰਵਾਇਤੀ ਫਸਲੀ ਚੱਕਰ ਛੱਡ ਬਾਗਬਾਨੀ ਦੇ ਕਿੱਤੇ ਨਾਲ ਚੋਖਾ ਮੁਨਾਫਾ ਕਮਾ ਰਿਹਾ ਧਰੂ ਦਾ ਕਿਸਾਨ

**● ਰਾਮ ਸਰੂਪ ਨੇ 1 ਏਕੜ ਵਿਚ ਮੋਸੰਮੀ ਦਾ ਬਾਗ ਲਗਾ ਕੇ ਕਮਾਇਆ ਚੋਖਾ ਮੁਨਾਫਾ ● ਬਾਗਬਾਨੀ ਵਿਭਾਗ ਵੱਲੋਂ ਸਮੇਂ ਸਮੇਂ ਸਰਕਾਰੀ ਯੋਜਨਾਵਾਂ ਦਾ ਲਾਭ ਕਿਸਾਨ ਨੂੰ ਪਹੁੰਚ-ਾਇਆ ● ਸਬਸਿਡੀ ਨਾਲ ਮਿਲੇ ਛੋਟੇ ਟਰੈਕਟਰ ਨੇ ਬਾਗਬਾਨੀ ਦਾ ਰਾਹ ਬਣਾਇਆ ਅਸਾਨ ● ਬਾਕੀ ਖੇਤਾਂ ਵਿੱਚ ਵੀ ਬਾਗ ਲਗਾਉਣ ਦੀ ਤਿਆਰੀ ਕਰ ਰਿਹਾ ਹੈ ਅਗਾਹਵਧੂ ਕਿਸਾਨ ● ਕੈਬਨਿਟ ਮੰਤਰੀ ਹਰਜੋਤ ਬੈਂਸ ਅਗਾਂਹਵਧੂ ਕਿਸਾਨਾਂ ਨੂੰ ਸਰਕਾਰ ਦੀਆਂ ਸਕੀਮਾਂ ਦਾ ਲਾਭ ਦੇਣ ਲਈ ਕਰ ਰਹੇ ਹਨ ਉਤਸ਼ਾਹਿਤ**

ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ ) ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਵੱਲੋਂ ਫਸਲਾ ਲਈ ਅਨੁਕੂਲ ਵਾਤਾਵਰਣ ਬਾਰੇ ਅਗਾਹਵਧੂ ਕਿਸਾਨਾਂ ਨੂੰ ਜਾਣਕਾਰੀ ਦੇਣ ਦੇ ਨਾਲ ਨਾਲ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਲੈਣ ਦੀ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ। ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਧਰੂ ਦੇ ਅਗਾਹਵਧੂ ਕਿਸਾਨ ਰਾਮ ਸਰੂਪ ਹੁਣ ਇਲਾਕੇ ਦੇ ਕਿਸਾਨਾ ਲਈ ਰਾਹ ਦਸੇਰਾ ਬਣੇ ਹਨ, ਉਨ੍ਹਾਂ ਨੇ ਆਪਣੀ ਕੁੱਲ ਤਿੰਨ ਏਕੜ ਵਾਹੀਯੋਗ ਜਮੀਨ ਵਿਚੋਂ ਇੱਕ ਏਕੜ ਵਿਚ ਮੋਸੰਮੀ ਦੇ ਬੂਟੇ ਲਗਾ ਕੇ ਹਰ ਸਾਲ ਮੁਨਾਫਾ ਕਮਾਉਣ ਦੀ ਸੁਰੂਆਤ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਸਬਸਿਡੀ ਤੇ ਛੋਟਾ ਟਰੈਕਟਰ ਲੈ ਲਿਆ ਹੈ, ਵਾਤਾਵਰਣ ਤੇ ਪੋਣ ਪਾਣੀ ਸਾਂਭ ਸੰਭਾਲ ਵਿਚ ਵੀ ਰਾਮ ਸਰੂਪ ਹੁਣ ਹੋਰ ਕਿਸਾਨਾ ਲਈ ਪ੍ਰੇਰਨਾ ਸ੍ਰੋਤ ਬਣ ਰਿਹਾ ਹੈ। ਉਸ ਵੱਲੋਂ ਆਰਥਿਕਤਾ ਮਜਬੂਤ ਕਰਨ ਤੇ ਕੀਤੇ ਉਪਰਾਲਿਆਂ ਨਾਲ ਹੋਰ ਕਿਸਾਨ ਵੀ ਬਾਗਬਾਨੀ ਵੱਲ ਉਤਸ਼ਾਹਿਤ ਹੋ ਰਹੇ ਹਨ।

ਧਰੂ ਦੇ ਅਗਾਹਵਧੂ ਕਿਸਾਨ ਰਾਮ ਸਰੂਪ ਨੇ ਦੱਸਿਆ ਕਿ ਉਸ ਨੇ ਆਪਣੀ ਤਿੰਨ ਏਕੜ ਜਮੀਨ ਵਿਚੋਂ ਇੱਕ ਏਕੜ ਜਮੀਨ ਵਿੱਚ ਪੰਜ ਸਾਲ ਪਹਿਲਾ 150 ਮੋਸੰਮੀ ਦੇ ਬੂਟੇ ਲਗਾਏ ਸਨ। ਜਿਸ ਉਤੇ 32 ਹਜਾਰ ਰੁਪਏ ਦੀ ਲਾਗਤ ਆਈ, ਉਸ ਨੇ ਦੱਸਿਆ ਕਿ ਬਾਗਬਾਨੀ ਵਿਭਾਗ ਦੇ ਅਧਿਕਾਰੀ ਸਮੇਂ ਸਮੇਂ ਤੇ ਉਸ ਨੂੰ ਖਾਦ, ਦਵਾਈਆਂ, ਰੇਅ, ਸਪਰੇਅ, ਕੀਟਨਾਸ਼ਕ, ਪਾਣੀ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦੇਣ






ਲਈ ਉਸ ਦੇ ਬਾਗ ਵਿਚ ਆਉਦੇ ਹਨ। ਕਿਸਾਨ ਨੇ ਦੱਸਿਆ ਕਿ ਉਸ ਨੇ ਛੋਟਾ ਟਰੈਕਟਰ ਲੈਣ ਲਈ ਵਿਭਾਗ ਨਾਲ ਤਾਲਮੇਲ ਕੀਤਾ, ਪੰਜਾਬ ਸਰਕਾਰ ਵੱਲੋਂ ਉਸ ਨੂੰ ਸਬਸਿਡੀ ਤੇ ਹੁਣ ਛੋਟਾ ਟਰੈਕਟਰ ਲੈ ਕੇ ਦਿੱਤਾ ਗਿਆ ਹੈ। ਉਸ ਦੇ ਬੂਟੇ ਵੱਡੇ ਹੋ ਗਏ ਹਨ, ਹਰ ਸਾਲ ਵਿਚ 1.25 ਲੱਖ ਰੁਪਏ ਦੀ ਫਸਲ ਹੋ ਰਹੀ ਹੈ, ਇੱਕ ਏਕੜ ਵਿਚ ਲਾਗਤ ਬਹੁਤ ਘੱਟ ਹੈ ਬਾਕੀ ਦੋ ਏਕੜ ਜਮੀਨ ਵਿਚ ਵੀ ਹੁਣ ਕਿਸਾਨ ਰਾਮ ਸਰੂਪ ਬਾਗ ਲਗਾਉਣ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਬਾਗ ਲਗਾਉਣ ਦਾ ਸਹੀ ਸਮਾ ਜੁਲਾਈ-ਅਗਸਤ ਹੈ ਅਤੇ ਫਸਲ ਅਕਤੂਬਰ ਮਹੀਨੇ ਵਿੱਚ ਹੋ ਜਾਂਦੀ ਹੈ। ਮੰਡੀਕਰਨ ਵਿਚ ਵੀ ਕੋਈ ਮੁਸਕਿਲ ਨਹੀ ਆਉਦੀ ਹੈ। ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਰਾਹੀ ਸਾਰੀਆਂ ਸਹੂਲਤਾਂ ਅਤੇ ਜਾਣਕਾਰੀ ਦਿੱਤੀ ਜਾ ਰਹੀ ਹੈ, ਬਾਗਬਾਨੀ ਵਿਭਾਗ ਦੇ ਅਧਿਕਾਰੀ ਭਾਰਤ ਭੂਸ਼ਣ ਅਤੇ ਮਾਹਰ ਸਮੇਂ ਸਮੇਂ ਤੇ ਜਾਣਕਾਰੀ ਦੇਣ ਲਈ ਆਉਦੇ ਹਨ। ਇਸ ਇਲਾਕੇ ਦੇ ਨੀਮ ਪਹਾੜੀ ਖੇਤਰ ਵਿੱਚ ਬਹੁਤ ਸਾਰੇ ਕਿਸਾਨ ਆਮ ਕਿਸਾਨਾ ਲਈ ਰਾਹ ਦਸੇਰਾ ਬਣ ਰਹੇ ਹਨ। ਪਾਣੀ ਦੀ ਘੱਟ ਵਰਤੋ ਅਤੇ ਵਾਤਾਵਰਣ ਦੀ ਸੰਭਾਲ ਵਿਚ ਜਿਕਰਯੋਗ ਯੋਗਦਾਨ ਪਾ ਰਹੇ ਹਨ।

www.lokbani.com
Email : Lokbani08@gmail.com


# ਪੰਜਾਬ ਪੁਲਿਸ ਦੀ ਏਜੀਟੀਐਫ ਵੱਲੋਂ ਗੈਂਗਸਟਰ ਮੁਖਤਾਰ ਅੰਸਾਰੀ ਦਾ ਨਜ਼ਦੀਕੀ ਸਾਥੀ ਗ੍ਰਿਫ਼ਤਾਰ; ਯੂ.ਪੀ. ਸਰਕਾਰ ਵੱਲੋਂ 1 ਲੱਖ ਰੁਪਏ ਦਾ ਰੱਖਿਆ ਗਿਆ ਸੀ ਇਨਾਮ

● ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਚਨਬੱਧ ● ਗ੍ਰਿਫ਼ਤਾਰ ਮੁਲਜ਼ਮ ਜੁਗਨੂੰ ਵਾਲੀਆ ਦਾ ਪੁਰਾਣਾ ਅਪਰਾਧਕ ਰਿਕਾਰਡ, ਯੂ.ਪੀ. ਪੁਲਿਸ ਨੂੰ ਸੀ ਲੋੜੀਂਦਾ: ਡੀਜੀਪੀ ਗੌਰਵ ਯਾਦਵ ● ਪੁਲਿਸ ਟੀਮਾਂ ਨੇ ਉਸਦੇ ਕਬਜ਼ੇ 'ਚੋਂ ਇੱਕ ਪਿਸਤੌਲ, ਵਿਦੇਸ਼ੀ ਕਰੰਸੀ, ਸਕੌਡਾ ਕਾਰ ਅਤੇ ਦੋ ਵਾਕੀ-ਟਾਕੀਜ਼ ਵੀ ਕੀਤੇ ਬਰਾਮਦ

ਚੰਡੀਗੜ੍ਹ/ਮੋਹਾਲੀ (ਰੀਤਿਸ਼ ਕੁਮਾਰ) ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਛੇੜੀ ਮੁਹਿੰਮ ਨੂੰ ਉਸ ਵੇਲੇ ਵੱਡੀ ਸਫ਼ਲਤਾ ਮਿਲੀ ਜਦੋਂ ਅੱਜ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਗੈਂਗਸਟਰ ਮੁਖਤਾਰ ਅੰਸਾਰੀ ਦੇ ਕਰੀਬੀ ਹਰਵਿੰਦਰ ਸਿੰਘ ਉਰਫ ਜੁਗਨੂੰ ਵਾਲੀਆ ਨੂੰ ਮੋਹਾਲੀ ਤੋਂ ਗ੍ਰਿਫਤਾਰ ਕੀਤਾ। ਨੇ ਦਿੱਤੀ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਜੁਗਨੂੰ ਵਾਲੀਆ, ਜਿਸਦਾ ਪੁਰਾਣਾ ਅਪਰਾਧਕ ਰਿਕਾਰਡ ਹੈ ਅਤੇ ਕਤਲ, ਕਤਲ ਦੀ ਕੋਸ਼ਿਸ਼, ਜਬਰੀ ਵਸੂਲੀ ਆਦਿ ਵਰਗੇ ਕਈ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੈ, ਯੂਪੀ ਪੁਲਿਸ ਨੂੰ ਕਈ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਯੂ.ਪੀ. ਸਰਕਾਰ ਵੱਲੋਂ 1 ਲੱਖ ਰੁਪਏ ਦਾ ਇਨਾਮ ਵੀ ਰੱਖਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਉਸਦੇ ਕਬਜ਼ੇ 'ਚੋਂ .32 ਬੋਰ ਪਿਸਤੌਲ ਸਮੇਤ 6 ਜਿੰਦਾ ਕਾਰਤੂਸ, ਲੱਖਾਂ ਰੁਪਏ ਦੀ ਵਿਦੇਸ਼ੀ ਕਰੰਸੀ, ਇੱਕ ਸਕੌਡਾ ਕਾਰ ਅਤੇ ਦੋ ਵਾਕੀ ਟਾਕੀ ਸੈੱਟ ਵੀ ਬਰਾਮਦ ਕੀਤੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਠੋਸ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਏਜੀਟੀਐਫ ਦੀਆਂ ਪੁਲਿਸ ਟੀਮਾਂ ਨੇ ਏਡੀਜੀਪੀ ਪ੍ਰਮੋਦ ਬਾਨ ਦੀ ਅਗਵਾਈ ਵਿੱਚ ਅਤੇ ਏਆਈਜੀ ਸੰਦੀਪ ਗੋਇਲ ਦੀ ਸਹਾਇਤਾ ਨਾਲ ਸਪੈਸ਼ਲ ਆਪਰੇਸ਼ਨ ਚਲਾ ਕੇ ਮੁਲਜ਼ਮ ਜੁਗਨੂੰ ਵਾਲੀਆ ਨੂੰ ਮੁਹਾਲੀ ਤੋਂ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ। ਪੁਲੀਸ ਟੀਮਾਂ ਦੀ ਅਗਵਾਈ ਡੀਐਸਪੀ ਰਾਜਨ ਪਰਮਿੰਦਰ ਅਤੇ ਡੀਐਸਪੀ ਰਮਨਦੀਪ ਸਿੰਘ ਕਰ ਰਹੇ ਸਨ। ਏਡੀਜੀਪੀ ਪ੍ਰਮੋਦ ਬਾਨ ਨੇ ਕਿਹਾ ਕਿ ਪੁਲਿਸ ਟੀਮਾਂ ਨੇ ਐਫਆਈਆਰ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਵਿੱਚ ਅੱਗੇ ਹੋਰ ਖੁਲਾਸੇ ਹੋਣ ਦੀ ਉਮੀਦ ਹੈ। ਦੱਸਣਯੋਗ ਹੈ ਕਿ ਇਸ ਸਬੰਧੀ ਅਸਲਾ ਐਕਟ ਦੀ ਧਾਰਾ 25 (7,8) ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 120ਬੀ ਅਧੀਨ ਪੁਲਿਸ ਸਟੇਸ਼ਨ ਸਟੇਟ ਕਰਾਈਮ ਪੰਜਾਬ, ਐਸ.ਏ.ਐਸ.ਨਗਰ ਵਿਖੇ ਐਫ.ਆਈ.ਆਰ ਨੰ. 3 ਮਿਤੀ 6-5-2023 ਦਰਜ ਕੀਤੀ ਗਈ ਹੈ।




## ਪ੍ਰੇਮ ਵਿੱਜ ਦੀਆਂ ਰਚਨਾਵਾਂ ਨੇ ਸਮਾਜ ਨੂੰ ਆਇਨਾ ਦਿਖਾਇਆ



ਚੰਡੀਗੜ੍ਹ (ਅਮੁਲਿਆ) ਸੀਨੀਅਰ ਸਾਹਿਤਕਾਰ ਪ੍ਰੇਮ ਵਿੱਜ ਨੇ ਸਾਹਿਤਕਾਰ ਡਾ: ਵਿਨੋਦ ਸ਼ਰਮਾ ਦੀ ਹਾਜ਼ਰੀ ਵਿੱਚ ਪ੍ਰਸਿੱਧ ਕਵੀ ਅਤੇ ਸ਼ਾਇਰ ਡਾ: ਅਨੀਸ਼ ਗਰਗ ਨੂੰ ਆਪਣਾ ਨਵਾਂ ਪ੍ਰਕਾਸ਼ਤਿ ਕਾਵਿ ਸੰਗ੍ਰਹਿ "ਕਾਠ ਹੋਤਾ ਆਦਮੀ" ਭੇਂਟ ਕੀਤਾ। ਡਾ: ਅਨੀਸ਼ ਗਰਗ ਨੇ ਕਿਹਾ ਕਿ ਇਸ ਸੰਗ੍ਰਹਿ ਦੀਆਂ ਰਚਨਾਵਾਂ ਗਾਗਰ 'ਚ ਸਾਗਰ ਦਾ ਕੰਮ ਕਰਦੇ ਹੋਏ ਸਮਾਜ ਦੇ ਵੱਖ-ਵੱਖ ਪਹਿਲੂਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਰੂਪਮਾਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ . ਇੰਜ ਜਾਪਦਾ ਹੈ ਜਿਵੇਂ ਪ੍ਰੇਮ ਜੀ ਨੇ ਉਮਰ ਦੇ ਵੱਖ-ਵੱਖ ਪੜਾਵਾਂ ਦੇ ਅਨੁਭਵਾਂ ਅਤੇ ਸਮਾਜ ਵਿੱਚ ਪ੍ਰਚਲਿਤ ਆਲੇ-ਦੁਆਲੇ ਦੇ ਦ੍ਰਿਸ਼ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਚਿੱਤਰਾਂ ਵਾਂਗ ਪੇਂਟ ਬੁਰਸ਼ ਨਾਲ ਕਾਗਜ਼ 'ਤੇ ਰਚਨਾਵਾਂ ਉੱਕਰ ਦਿੱਤੀਆਂ ਹਨ।

# ਬਾਬਾ ਜੀਵਨ ਸਿੰਘ ਵੈਲਫ਼ੇਅਰ ਸੁਸਾਇਟੀ ਛਾਜਲੀ ਵੱਲੋਂ ਸ਼ਮਸ਼ਾਨ ਘਾਟ ਦੀ ਸਫ਼ਾਈ ਅਤੇ ਬੂਟੇ ਲਗਾਉਣ ਦੀ ਮੁਹਿੰਮ ਵਿੱਢੀ






ਦਿੜਬਾ / ਸੁਨਾਮ / (ਲੋਕ ਬਾਣੀ ) ਨਜਦੀਕੀ ਪਿੰਡ ਛਾਜਲੀ ਵਿਖੇ ਐਸ ਸੀ ਭਾਈਚਾਰੇ ਦੇ ਸ਼ਮਸ਼ਾਨਘਾਟ ਦਾ ਬਹੁਤ ਬੁਰਾ ਹਾਲ ਸੀ। ਜੋ ਪਿਛਲੇ ਦਸ ਦਿਨਾਂ ਤੋਂ ਮੁਹੱਲਾ ਨਿਵਸੀਆਂ ਵੱਲੋਂ ਸਾਫ ਸਫਾਈ ਤੇ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ । ਪੰਚਾਇਤ ਵੱਲੋਂ ਵੀ ਸਹਿਯੋਗ ਹੈ। ਇਥੇ ਵਰਨਣਯੋਗ ਗੱਲ ਇਹ ਹੈ ਕਿ ਪਿੰਡ ਛਾਜਲੀ ਦੇ ਸਮਾਜ ਸੇਵਕ ਸਤਿਕਾਰਯੋਗ ਵੀਰ ਸਤਿਨਾਮ ਸਿੰਘ ਨੇ ਇਹ ਸੇਵਾ ਲਈ 30,000/-ਦੀ ਮਿੱਟੀ ਪਵਾ ਦਿੱਤੀ ਹੈ। ਸਤਨਾਮ ਸਿੰਘ ਵੱਲੋਂ ਪਹਿਲਾਂ ਵੀ ਪਿੰਡ ਦੇ ਹੋਰ ਲੋਕਾਂ ਦੀ ਮੱਦਦ ਕੀਤੀ ਹੈ। ਪਿੰਡ ਦੇ ਇੱਕ ਹੋਰ ਪਤਵੰਤੇ ਸੱਜਣ ਮਹੰਤ ਅਮਰਿੰਤ ਬਣ ਜੀ ਨੇ ਵੀ 20,000/- ਰੁਪਏ ਦੀ ਮਾਲੀ ਮੱਦਦ ਕੀਤੀ ਹੈ। ਇਹ ਕੰਮ ਦੀ ਸਾਂਭ ਸੰਭਾਲ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਵੈਲਫੇਅਰ ਕਲੱਬ ਵੱਲੋ ਕੀਤੀ ਜਾ ਰਹੀ ਹੈ। ਪੱਤਰਕਾਰ ਜਗਦੀਪ ਸਿੰਘ ਨੇ ਗੱਲਬਾਤ ਸਾਂਝੀ ਕਰਦਿਆ ਦੱਸਿਆ ਕਿ ਇਹ ਸ਼ਮਸ਼ਾਨਘਾਟ ਦੀ ਐਨੀ ਮਾੜੀ ਹਾਲਤ ਸੀ ਕਿ ਸ਼ਬਦਾਂ ਚ ਬਿਆਨ ਕਰਨਾਂ ਮੁਸ਼ਕਿਲ ਹੈ। ਪਰ ਅਸੀਂ ਅਪਣੇ ਨੌਜਵਾਨ ਸਾਥੀਆਂ ਦੀ ਮਦਦ ਨਾਲ ਇੱਕ ਮਹੀਨੇ ਚ ਇਹ ਜਗਾ ਦੀ ਨੁਹਾਰ ਬਦਲ ਦਿਆਂਗੇ। ਇਸ ਮੌਕੇ ਮੀਤ ਮਣੀ,ਮੇਜਰ ਸਿੰਘ, ਜੀਤੀ ਸਿੰਘ, ਕਾਲੀ ਸਿੰਘ, ਜੱਸੀ ਸਟੂਡੀਓ,ਸੋਨੀ ਸਿੰਘ, ਕਰਮਾ ਸਿੰਘ,ਤਰਸੇਮ ਸਿੰਘ ਰਾਮ ਸਿੰਘ,ਰਵੀ ਸਿੰਘ ਆਦਿ ਕਲੱਬ ਮੈਂਬਰ ਇਹ ਕੰਮ ਚ ਵੱਧ ਚੜ ਕੇ ਸਹਿਯੋਗ ਦੇ ਰਹੇ ਹਨ।

# ਸਿਵਲ ਸਰਜਨ ਸੰਗਰੂਰ ਅਤੇ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਵੱਲੋਂ ਮੀਮਸਾ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ

## ਜਿਲੇ ਵਿਚ ਹੁਣ 29 ਆਮ ਆਦਮੀ ਕਲੀਨਕ ਲੋਕਾ ਦੀ ਸਿਹਤ ਸੰਭਾਲ ਵਿਚ ਮੋਹਰੀ ਭੂਮਿਕਾ ਨਿਭਾਉਣਗੇ : ਸਿਵਲ ਸਰਜਨ ਸੰਗਰੂਰ

ਸ਼ੇਰਪੁਰ ( ਹਰਜੀਤ ਸਿੰਘ ਕਾਤਿਲ ) ਕਮਿਊਨਿਟੀ ਹੈਲਥ ਸੈਟਰ ਸ਼ੇਰਪੁਰ ਅਧੀਨ ਆਉਦੇ ਪੀ ਐਚ ਸੀ ਮੀਮਸਾ ਵਿਖੇ ਆਮ ਆਦਮੀ ਕਲੀਨਿਕ ਦਾਉਦਘਾਟਨ ਡਿਪਟੀ ਕਮਿਸ਼ਨਰ ਸੰਗਰੂਰ ਸ੍ਰੀ ਜਤਿੰਦਰ ਜੋਰਵਾਲ ਦੇ ਦਿਸਾ ਨਿਰਦੇਸਾ ਹੇਠ ਡਾ ਪਰਮਿੰਦਰ ਕੋਰ ਸਿਵਲ ਸਰਜਨ ਸੰਗਰੂਰ ਵਲੋ ਅਤੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਵੱਲੋਂ ਸਾਂਝੇ ਤੋਰ ਤੇ ਕੀਤਾ ਗਿਆ . ਇਸ ਮੋਕੇ ਡਾ ਪਰਮਿੰਦਰ ਕੋਰ ਸਿਵਲ ਸਰਜਨ ਸੰਗਰੂਰ ਨੇ ਦਸਿਆ ਕਿ ਜ਼ਿਲਾ ਸੰਗਰੂਰ ਵਿਖੇ ਕੁੱਲ 11 ਆਮ ਆਦਮੀ ਕਲੀਨਕ ਆਰੰਭ ਹੋਏ ਹਨ ਇੰਨ੍ਹਾਂ ਆਮ ਆਦਮੀ ਕਲੀਨਿਕਾ ਵਿੱਚ ਮੁਫਤ ਡਾਕਟਰੀ ਸਹਾਇਤਾ ਦੇ ਨਾਲ ਨਾਲ ਦਵਾਈਆਂ ਵੀ ਮਰੀਜਾ ਨੂੰ ਮੁਫਤ ਮਹੁਈਆ ਕਰਵਾਈਆ ਜਾਣਗੀਆ. ਉਨਾ ਹੋਰ ਜਾਣਕਾਰੀ ਦਿੰਦਿਆ ਕਿਹਾ ਕਿ ਕੁੱਲ 11 ਆਮ ਆਦਮੀ ਕਲੀਨਕ ਸੂਰੂ ਹੋ ਚੁੱਕੇ ਹਨ ਅਤੇ ਜਿਲੇ ਵਿਚ ਹੁਣ 29 ਆਮ ਆਦਮੀ ਕਲੀਨਕ ਲੋਕਾ ਦੀਸਿਹਤ ਸੰਭਾਲ ਵਿਚ ਮੋਹਰੀ ਭੂਮਿਕਾ ਨਿਭਾਉਣਗੇ . ਜਿਕਰਯੋਗ ਹੈ ਕਿ ਪੰਜਾਬ ਸਰਕਾਰ ਵਲੋ ਪੰਜਾਬ ਵਿਚ 580 ਕਲੀਨਿਕ ਹੁਣ ਤੱਕ ਖੋਲੇ ਜਾ ਚੁੱਕੇ ਹਨ, ਜੋ ਕਿ ਲੋਕਾਂ ਨੂੰ ਬਹੁਤ ਵਧੀਆ ਸਿਹਤ ਸਹੂਲਤਾਂ ਮਹੁੱਈਆ ਕਰਵਾ ਰਹੇ ਹਨ . ਇਸ ਮੋਕੇ ਤਰਸੇਮ ਸਿੰਘ ਬੀ ਈ ਈ ਸੇਰਪੁਰ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਮਰੀਜਾਂ ਦੇ ਬੈਠਣ ਲਈ ਅਤੇ ਪੀਣ ਵਾਲੇ ਪਾਣੀ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਹੈ । ਇਸ ਮੋਕੇ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ , ਡਾ ਅੰਜੂ ਸਿੰਗਲਾ ਜਿਲਾ ਟੀਕਾਕਰਨ ਅਫਸਰ ਸਿਵਲ ਸਰਜਨ ਦਫਤਰ ਸੰਗਰੂਰ, ਡਾ ਮੁਹੰਮਦ ਅਖਤਰ ਐਸ ਐਮ ਓ ਸੇਰਪੁਰ , ਲੈਨਿਨ ਗਰਗ ਬੀ ਡੀ ਪੀ ਓ ਧੂਰੀ, ਅਮਰਦੀਪ ਸਿੰਘ ਧਾਂਦਰਾ, ਨਾਹਰ ਸਿੰਘ ਸਾਬਕਾ ਸਰਪੰਚ, ਜੋਰਾ ਸਿੰਘ ਮੀਮਸਾ,ਡਾ ਵਿਸਾਲ ਜਿੰਦਲ ਮੈਡੀਕਲ ਅਫਸਰ, ਅਸੋਕ ਕੁਮਾਰ ਐਸ ਆਈ ਕਾਂਝਲਾ (ਵਾਧੂ ਚਾਰਜ ਮੀਮਸਾ), ਵੀਰ ਦਵਿੰਦਰ ਸਿੰਘ ਫਾਰਮੇਸੀ ਅਫਸਰ, ਸ੍ਰੀਮਤੀ ਰਾਜਵੀਰ ਕੋਰ ਆਈ ਏ ਸੇਰਪੁਰ, ਕੁਲਵਿੰਦਰ ਕੋਰ ਐਲ ਐਚ ਵੀ , ਸ੍ਰੀਮਤੀ ਵਨੀਤਾ ਰਾਣੀ ਸੀ ਐਚ ਓ, ਸੁਖਦੀਪ ਕੋਰ ਸੀ ਐਚ ਓ, ਮਨੋਰਮਾ ਦੇਵੀ ਏ ਐਨ ਐਮ, ਨਗਿੰਦਰ ਸਿੰਘ ਐਮ ਪੀ ਐਚ ਡਬਲਿਯੂ (ਮੇਲ) ਅਤੇ ਸੈਕਟਰ ਮੀਮਸਾ ਦਾਸਮੂਹ ਸਟਾਫ ਅਤੇ ਆਸਾ ਵਰਕਰਜ਼ ਆਦਿ ਹਾਜਰ ਸਨ।


ਸਿਵਲ ਸਰਜਨ ਸੰਗਰੂਰ ਅਤੇ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਮੀਮਸਾ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਦੇ ਹੋਏ

# ਬਾਸਮਤੀ ਦੀਆਂ ਵੱਧ ਝਾੜ ਦੇਣ ਵਾਲੀਆਂ ਨਵੀਆਂ ਕਿਸਮਾਂ ਬਰਾੜ ਸੀਡਜ਼ ਤੇ ਉਪਲਬਧ



ਲੁਧਿਆਣਾ (ਕਰਨੈਲ ਸਿੰਘ ਐੱਮ.ਏ.)- ਜਿਸ ਤਰਾਂ ਪੰਜਾਬ ਦੀ ਧਰਤੀ ਦਾ ਹੇਠਲਾ ਪਾਣੀ ਹੇਠਾ ਜਾਂ ਰਿਹਾ ਹੈ ਇਸ ਦੇ ਬਚਾਅ ਲਈ ਖੇਤੀ ਵਿਗਿਆਨੀ ਕਈ ਉਪਰਾਲੇ ਕਰ ਰਹੇ ਹਨ ਇਸ ਨੂੰ ਮੁੱਖ ਰੱਖਦੇ ਹੋਏ ਬਾਸਮਤੀ ਦੀਆਂ ਨਵੀਆਂ ਕਿਸਮਾ ਇਸ ਸਾਲ ਲਿਆਦੀਆ ਗਈਆਂ ਹਨ। ਜੋ ਕਿ ਪਾਣੀ ਦੀ ਬੱਚਤ ਕਰਦੀਆਂ ਹਨ। ਖੇਤੀ ਖੋਜ਼ ਸੰਸਥਾਨ ਨਵੀਂ ਦਿੱਲੀ ਵਲੋਂ ਇਸ ਸਾਲ ਬਾਸਮਤੀ ਦੀਆਂ ਨਵੀਆਂ ਕਿਸਮਾਂ ਸੋਧ ਕੇ ਤਿਆਰ ਕੀਤੀਆਂ ਹਨ, ਜੋ ਕਿ ਝੁੱਲਸ ਰੋਗ ਤੇ ਭੂਰੜ ਰੋਗ ਤੋਂ ਮੁਕਤ ਅਤੇ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਹਨ। ਇਨ੍ਹਾਂ ਨਵੀਆਂ ਕਿਸਮਾਂ ਵਿਚ ਪੂਸਾ ਬਾਸਮਤੀ 1847, ਪੂਸਾ ਬਾਸਮਤੀ 1885 ਅਤੇ ਪੂਸਾ ਬਾਸਮਤੀ 1886 ਵਿਕਸਿਤ ਕੀਤੀਆਂ ਹਨ। ਇਹ ਪ੍ਰਗਟਾਵਾ ਬਰਾੜ ਸੀਡਜ਼ ਦੇ ਮੁੱਖੀ ਹਰਵਿੰਦਰ ਸਿੰਘ ਬਰਾੜ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸਾਲ ਪੂਸਾ ਬਾਸਮਤੀ 1847 ਖੇਤੀ ਖੋਜ਼ ਸੰਸਥਾਨ ਦਿੱਲੀ ਵਲੋਂ ਪਾਸ ਕੀਤੀ ਨਵੀਂ ਕਿਸਮ ਹੈ। ਇਹ ਕਿਸਮ ਪੂਸਾ ਬਾਸਮਤੀ 1509 ਤੇ ਪੂਸਾ ਬਾਸਮਤੀ 1692 ਦੀ ਸੋਧੀ ਹੋਈ ਕਿਸਮ ਹੈ। ਇਹ ਬਾਸਮਤੀ ਦੀ ਅਗੇਤੀ ਪੱਕਣ ਵਾਲੀ ਕਿਸਮ ਹੈ। ਇਹ ਬੀਜ਼ ਤੋਂ ਬੀਜ ਤੱਕ 120 ਦਿਨਾਂ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਦਾ ਕੱਦ 94 ਸੈ.ਮੀ.ਤਕ ਹੁੰਦਾ ਹੈ। ਇਸ ਦੇ ਦਾਣੇ ਪਤਲੇ ਅਤੇ ਲੰਬੇ ਹੁੰਦੇ ਹਨ ਅਤੇ ਇਹ ਕਿਸਮ ਬਾਸਮਤੀ ਨੂੰ ਲੱਗਣ ਵਾਲੀਆਂ ਸਾਰੀਆਂ ਬਿਮਾਰੀਆ ਦਾ ਟਾਕਰਾ ਕਰਨ ਦੀ ਸਮਰਥਾ ਰੱਖਦੀ ਹੈ। ਇਹ ਕਿਸਮ ਬੈਕਟੀਰੀਅਲ ਲੀਫ ਬਲਾਈਟ ਰੋਗ ਅਤੇ ਫੁੱਟ ਰੋਗ ਦਾ ਟਾਕਰਾ ਕਰਨ ਦੇ ਵੀ ਸਮਰੱਥ ਹੈ। ਇਸ ਕਿਸਮ ਦਾ ਝਾੜ 28 ਤੋਂ 32 ਕੁਇੰਟਲ ਪ੍ਰਤੀ ਏਕੜ ਤਕ ਨਿਕਲ ਸਕਦਾ ਹੈ। ਇਹ ਕਿਸਮ ਡਿਗਦੀ ਨਹੀਂ, ਇਸ ਦੀ ਭਾਰੀ ਜ਼ਮੀਨਾਂ ਵਿਚ ਵੀ ਬੀਜਾਈ ਕੀਤੀ ਜਾ ਸਕਦੀ ਹੈ। ਇਸ ਕਿਸਮ ਦੀ ਜ਼ਿਆਦਾ ਮੰਗ ਹੋਣ ਕਰਕੇ ਮੰਡੀ ਵਿਚ ਚੰਗੇ ਮੁੱਲ 'ਤੇ ਵਿਕਦੀ ਹੈ। ਇਸ ਕਿਸਮ ਨੂੰ ਦਿੱਲੀ, ਹਰਿਆਣਾ ਅਤੇ ਪੰਜਾਬ ਵਿਚ ਬੀਜਣ ਦੀ ਸਿਫਾਰਿਸ਼ ਕੀਤੀ ਗਈ ਹੈ। ਮਾਹਿਰਾਂ ਮੁਤਾਬਿਕ ਇਹ ਕਿਸਮ ਬਹੁ ਫ਼ਸਲੀ ਚੱਕਰ ਲਈ ਢੁੱਕਵੀਂ ਸਿੱਧ ਹੋਵੇਗੀ। ਇਸ ਤੋਂ ਇਲਾਵਾ ਪੂਸਾ ਬਾਸਮਤੀ 1885 ਨਵੀਂ ਕਿਸਮ ਵੀ ਲਾਹੇਵੰਦ ਹੈ ਅਤੇ ਇਹ ਕਿਸਮ ਪੂਸਾ ਬਾਸਮਤੀ 1121 ਦੀ ਅਤੇ ਪੂਸਾ ਬਾਸਮਤੀ 1886 ਪੂਸਾ ਬਾਸਮਤੀ 1401 ਦੀ ਸੋਧੀ ਹੋਈ ਕਿਸਮ ਹੈ। ਇਹ ਮੱਧਰੀ ਕਿਸਮ ਹੈ ਅਤੇ ਇਸ ਦੀ ਬੀਜਾਈ ਦਾ ਸਮਾਂ 20 ਮਈ ਤੋਂ 10 ਜੂਨ ਤਕ ਹੈ। ਇਸ ਤੋਂ ਇਲਾਵਾ ਝੋਨੇ ਦੀਆਂ ਨਵੀਆਂ ਕਿਸਮਾ ਬੀ.ਆਰ 110 ਸੁਪਰੀਮੋਂ, ਪੀ.ਆਰ 126 ਫਾਉਡੇਸਨ ਬੀਜ, ਬੀ.ਆਰ 141, ਪੂਸਾ 44 ਕਰਨਾਲ ਵਾਲਾ, ਬੀ.ਆਰ 105 ਵਧੇਰੇ ਲਾਹੇਵੰਦ ਕਿਸਮਾ ਹਨ।

# ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਮਾਪਿਆਂ ਨੂੰ ਅੱਗੇ ਆਉਣ ਦਿੱਤਾ ਸੱਦਾ : ਕੌਮੀ ਪ੍ਰਧਾਨ ਅਜ਼ਾਦ, ਮੈਡਮ ਪਵਨਜੀਤ ਮਾਨ

ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)ਭਾਰਤ ਦੇਸ਼ ਵਿੱਚ ਨੌਜਵਾਨ ਪੀੜ੍ਹੀ ਵਿੱਚ ਨਸ਼ਿਆਂ ਅਤੇ ਨਾਬਾਲਗ ਉਮਰ ਵਿੱਚ ਵੈਹੀਕਲ ਤੇਜ਼ ਰਫ਼ਤਾਰ ਨਾਲ ਚਲਾਉਣ ਤੋਂ ਰੋਕਣ ਲਈ ਮਾਤਾ -ਪਿਤਾ ਖੁਦ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੌਮੀ ਪ੍ਰਧਾਨ ਆਸਾ ਸਿੰਘ ਅਜਾਦ, ਸੀਨੀਅਰ ਕੌਂਸਲਰ ਚੇਤ ਰਾਮ ਰਤਨ ਪੰਜਾਬ ਪ੍ਰਧਾਨ, ਮੈਡਮ ਪਵਨਜੀਤ ਕੌਰ ਕੌਮੀ ਪ੍ਰਧਾਨ ਇਸਤਰੀ ਵਿੰਗ, ਗੁਰਦੀਪ ਸਿੰਘ ਮਦਨ ਕੌਮੀ ਪ੍ਰਧਾਨ ਐਂਟੀ ਕਰਾਇਮ ਵਿੰਗ ਨੇ ਨਵੀਂ ਆਬਾਦੀ ਨਵਾਂਸ਼ਹਿਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ, ਸਮਾਜਿਕ ਕੁਰੀਤੀਆਂ ਵਿਰੁੱਧ ਅਤੇ ਟ੍ਰੈਫਿਕ ਨਿਯਮਾਂ, ਸਬੰਧੀ ਜਾਗਰੂਕ ਸੈਮੀਨਾਰ ਕੀਤੇ ਜਾ ਰਹੇ ਹਨ। ਮਾਪੇ ਬੱਚਿਆਂ ਨੂੰ ਰੋਜ਼ਾਨਾ ਹਲਾਤਾਂ ਵਾਰੇ ਚੈਕ ਕਰਦੇ ਰਹਿਣਾ ਚਾਹੀਦਾ ਹੈ। ਆਲ ਇੰਡੀਆ ਹਿਊਮਨ ਰਾਇਟਸ ਕੌਂਸਲ ਭਾਰਤ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਆਪਣੇ ਨਾਬਾਲਗ ਉਮਰ ਦੇ ਬੱਚਿਆਂ ਨੂੰ ਮਾਪੇ ਵੈਹੀਕਲ ਦੇਕੇ ਇੱਕਲੇ ਬਜ਼ਾਰਾਂ ਅਤੇ ਹਾਈਵੇਅ ਸੜਕਾਂ ਭੇਜਣ ਵਿੱਚ ਖੁਸ਼ੀ ਮਹਿਸੂਸ ਕਰਨ ਦੀ ਬਜਾਏ ਖੁਦ ਨਾਲ ਬੈਠਣ। ਉਨ੍ਹਾਂ ਕਿਹਾ ਕਿ ਨਾਬਾਲਗ ਬੱਚੇ ਵੈਹੀਕਲ ਚਲਾਉਣ ਸਮੇ ਆਪਣੇ ਦੋਸਤਾਂ ਨਾਲ ਮੋਟਰਸਾਈਕਲ, ਐਕਟਿਵਾ, ਤੇ ਦੋ, ਤਿੰਨ,ਚਾਰ ਬਿਠਾਕੇ ਅਤੇ ਵੈਹੀਕਲ ਨੂੰ ਤੇਜ਼ ਰਫ਼ਤਾਰ ਨਾਲ ਚੱਲਣ ਕਰਕੇ ਦੁਰਘਟਨਾਵਾਂ ਬਚਾਉਣ ਲਈ ਸਭ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਪੰਜਾਬ ਵਿੱਚ ਅਜਿਹੇ ਸੈਮੀਨਾਰ ਲਗਾਏ ਜਾਣਗੇ। ਇਸ ਸੈਮੀਨਾਰ ਨੂੰ ਸਰਵ ਸ੍ਰੀ ਕੌਮੀ ਚੇਅਰਮੈਨ ਰਾਮ ਪਾਲ ਸਰਮਾ , ਡਾ ਰਣਜੀਤ ਸਿੰਘ ਕੌਮੀ ਚੇਅਰਮੈਨ ਇੰਡਸਟਰੀ, ਸਤੀਸ਼ ਕੁਮਾਰ ਵਰਮਾ , ਮੈਡਮ ਖੁਸ਼ਵਿੰਦਰ ਕੌਰ ਵਾਈਸ ਚੇਅਰਪਰਸਨ ਪੰਜਾਬ ਐਸ ਡੀ ਓ ਸ਼ਮਸ਼ੇਰ ਸਿੰਘ ਪੰਜਾਬ ਪ੍ਰਧਾਨ ਐਸ ਵਿੰਗ,ਮੈਡਮ ਕਿਰਨ ਵਰਮਾ, ਬੀਬੀ ਬਲਜੀਤ ਕਾਦਰੀ,ਮਨਜਿੰਦਰ ਸਿੰਘ ਬੰਗਾ ਬੁਲਾਰਾ ਪੰਜਾਬ, ਗੁਲਸ਼ਨ ਕੁਮਾਰ ਪ੍ਰਧਾਨ ਬੰਗਾ, ਸੰਜੀਵ ਕੁਮਾਰ ਕੈਥ ਸ਼ਹਿਰੀ ਪ੍ਰਧਾਨ,ਹਾਜ਼ਰ ਸਨ।



# ਸ਼ਰਧਾਲੂਆਂ ਦੇ ਬਾਰਵਾਂ ਜੱਥਾ ਕਰਤਾਰਪੁਰ ਸਾਹਿਬ (ਪਾਕਿ) ਵਿਖੇ ਹੋਇਆ ਨਤਮਸਤਕ

## ਸ਼ਰਧਾਲੂਆਂ ਦੇ ਬਾਰਵੇਂ ਜਥੇ ਨੇ ਕੀਤੇ ਕਰਤਾਰਪੁਰ ਸਾਹਿਬ (ਪਾਕਿ:) ਦੇ ਦਰਸ਼ਨ

ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਅਤੇ ਗੁਰ ਕੀ ਰਸੋਈ ਵਲੋਂ ਭੇਜਿਆ ਗਿਆ 96 ਮੈਂਬਰਾਂ ਦਾ ਬਾਰਵਾਂ ਜੱਥਾ ਦਰਸ਼ਨ ਦੀਦਾਰ ਕਰਕੇ ਦੇਰ ਰਾਤ ਵਾਪਿਸ ਪਰਤ ਆਇਆ। ਇਹ ਜਾਣਕਾਰੀ ਦਿੰਦਿਆਂ ਹੋਇਆਂ ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਦੇਸ਼ ਦੀ ਵੰਡ ਮਗਰੋਂ ਨਾਨਕ ਨਾਮ ਲੇਵਾ ਹਰ ਸਿੱਖ ਵਲੋਂ ਕਰਤਾਰਪੁਰ ਦਾ ਲਾਂਘਾ ਖੋਲਣ ਵਾਲੀ ਅਰਦਾਸ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਵਾਨ ਹੋਈ ਅਤੇ ਅੱਜ ਹਰ ਦੇਸ਼ ਵਾਸੀ ਬਿਨਾਂ ਵੀਜਾ ਤੋਂ ਉਸ ਅਸਥਾਨ ਦੇ ਦਰਸ਼ਨ ਕਰ ਸਕਦਾ ਹੈ। ਵਾਹਿਗੁਰੂ ਦੀ ਕਿਰਪਾ ਸਦਕਾ ਇਸ ਅਸਥਾਨ ਦੇ ਦਰਸ਼ਨ ਕਰਾਉਣ ਦੀ ਸੇਵਾ ਕਰਾਉਣ ਵਿਚ ਯੋਗਦਾਨ ਪਾਉਣ ਦਾ ਸੁਭਾਗ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਨੂੰ ਵੀ ਪ੍ਰਾਪਤ ਹੋਇਆ ਹੈ ਅਤੇ ਸੋਸਾਇਟੀ ਹਰ ਮਹੀਨੇ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਜੱਥੇ ਭੇਜਣ ਦੀ ਸੇਵਾ ਕਰ ਰਹੀ ਹੈ। ਇਸ ਲੜੀ ਤਹਿਤ ਪਿਛਲੇ ਇਕ ਸਾਲ ਦੌਰਾਨ ਭੇਜੇ ਜਾ ਰਹੇ ਸ਼ਰਧਾਲੂਆਂ ਦੇ ਜੱਥਿਆਂ ਦੀ ਲੜੀ ਦਾ ਬਾਰਵਾਂ ਜੱਥਾ ਇਸ ਅਸਥਾਨ ਦੇ ਦਰਸ਼ਨ ਕਰਕੇ ਦੇਰ ਰਾਤ ਵਾਪਿਸ ਪਰਤਿਆ। ਇਸ ਯਾਤਰਾ ਦੌਰਾਨ ਨਵਾਂਸ਼ਹਿਰ ਅਤੇ ਪਿੰਡ ਮੋਰਾਂਵਾਲੀ ਤੋਂ ਬੱਸਾਂ ਵਿਚ ਬੈਠ ਕੇ ਸੰਗਤਾਂ ਬਾਬਾ ਬਕਾਲਾ ਸਾਹਿਬ ਵਿਖੇ ਦਰਸ਼ਨ ਕਰਦੀਆਂ ਹੋਈਆਂ ਡੇਰਾ ਬਾਬਾ ਨਾਨਕ ਟਰਮੀਨਲ ਰਾਹੀਂ ਪਾਕਿਸਤਾਨ ਵਿਖੇ ਦਾਖਲ ਹੋਈਆਂ। ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਅਤੇ ਮੁੱਖ ਪ੍ਰਬੰਧਕ ਭਾਈ ਗੋਬਿੰਦ ਸਿੰਘ ਵਲੋਂ ਸਮੁੱਚੇ ਜੱਥੇ ਨੂੰ ਜੀ ਆਇਆਂ ਕਿਹਾ ਗਿਆ। ਉਨਾਂ ਨੇ ਸੋਸਾਇਟੀ ਵਲੋਂ ਕਰਤਾਰਪੁਰ ਦੇ ਦਰਸ਼ਨਾਂ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਜੱਥੇ ਦੇ ਮੈਂਬਰਾਂ ਵਲੋਂ ਭਾਈ ਗੋਬਿੰਦ ਸਿੰਘ, ਭਾਈ ਮਨਦੀਪ ਸਿੰਘ, ਮੀਤ ਗ੍ਰੰਥੀ ਭਾਈ ਰਕੇਸ਼ ਸਿੰਘ ਅਤੇ ਭਾਈ ਬਿਕਰਮ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਵਲੋਂ ਵੀ ਜੱਥੇ ਦੇ ਨਾਲ ਗਏ ਮੈਂਬਰਾਂ ਨੂੰ ਸਿਰੋਪਿਆਂ ਦੀ ਬਖਸ਼ਿਸ਼ ਕੀਤੀ ਗਈ। ਸੁਰਜੀਤ ਸਿੰਘ ਵਲੋਂ ਇਹ ਵੀ ਦੱਸਿਆ ਗਿਆ ਕਿ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ 105 ਮੈਂਬਰਾਂ ਦਾ ਅਗਲਾ ਅਤੇ ਤੇਰਵਾਂ ਜੱਥਾ 21 ਮਈ ਨੂੰ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਭੇਜਿਆ ਜਾਵੇਗਾ। ਜੱਥੇ ਦੇ ਮੈਂਬਰਾਂ ਵਿਚ ਜਗਜੀਤ ਸਿੰਘ, ਗਿਆਨ ਸਿੰਘ, ਮਨਜੀਤ ਸਿੰਘ ਸੈਣੀ, ਹਰਜਿੰਦਰ ਸਿੰਘ ਰਾਏ, ਗੁਰਿੰਦਰ ਸਿੰਘ, ਨਵਦੀਪ ਸਿੰਘ, ਗੁਰਦੀਪ ਸਿੰਘ ਤੋਂ ਇਲਾਵਾ ਬੰਗਾ, ਗੜ੍ਹਸ਼ੰਕਰ, ਪਿੰਡ ਮੋਰਾਂਵਾਲੀ, ਗੜ ਪਧਾਣਾ, ਡੋਗਰਪੁਰ, ਰੱਕੜ ਬੇਟ, ਜੈਨਪੁਰ, ਬੜਵਾ ਅਤੇ ਚੱਕ ਗੁਜਰਪੁਰ ਤੋਂ ਸੰਗਤਾਂ ਵੀ ਸ਼ਾਮਲ ਸਨ।



# ਆਓ ਜਾਣੀਏ ਵਿਸ਼ਵ ਰੈੱਡ ਕਰਾਸ ਦਿਵਸ ਬਾਰੇ

ਪ੍ਰੋ.ਗਗਨਦੀਪ ਕੌਰ ਧਾਲੀਵਾਲ ਕੁਰੜ




**ਰੈੱਡ ਕਰਾਸ ਦਿਵਸ ਕਦੋਂ ਮਨਾਇਆ ਜਾਂਦਾ -:**

ਹਰ ਸਾਲ 8 ਮਈ ਨੂੰ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਰੈੱਡ ਕਰਾਸ ਵਲੰਟੀਅਰਾਂ ਨੂੰ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਉਨ੍ਹਾਂਦੇ ਯੋਗਦਾਨ ਲਈ ਸ਼ਰਧਾਂਜਲੀ ਭੇਟ ਕਰਦੇ ਹਨ। ਇਹ ਦਿਨ 8 ਮਈ ਨੂੰ ਹੈਨਰੀ ਡੂਨਟ ਦੇ ਜਨਮ ਦਿਨ ਨੂੰ ਮਨਾਉਣ ਲਈ ਮਨਾਇਆ ਜਾਂਦਾ ਹੈ, ਜੋ ਕਿ ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਦੇ ਸੰਸਥਾਪਕ ਸਨ। ਉਹ ਬਹੁਤ ਹੀ ਨੇਕ ਅਤੇ ਮਹਾਨ ਵਿਅਕਤੀ ਸਨ। ਜਿਸ ਨੇ ਬਹੁਤ ਸਾਰੀਆਂ ਜਾਨਾਂ ਬਚਾਈਆਂ। ਸਾਲ 1901 ਵਿੱਚ, ਹੈਨਰੀ ਡੂਨਟ ਨੂੰ ਮਨੁੱਖੀ ਸੇਵਾ ਦੇ ਕੰਮ ਲਈ ਪਹਿਲਾ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ। ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ (ਿਛ਼ਛ) ਦੀ ਸਥਾਪਨਾ -: ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ (ਿਛ਼ਛ) ਦੀ ਸਥਾਪਨਾ 1863 ਵਿੱਚ ਕੀਤੀ ਗਈ ਸੀ। ਇਹ ਸੰਸਥਾ ਹਥਿਆਰਬੰਦ ਹਿੰਸਾ ਅਤੇ ਜੰਗ ਦੇ ਪੀੜਤਾਂ ਅਤੇ ਜੰਗੀ ਕੈਦੀਆਂ ਲਈ ਕੰਮ ਕਰਦੀ ਹੈ। ਇਹ ਉਹਨਾਂ ਕਾਨੂੰਨਾਂ ਨੂੰ ਉਤਸ਼ਾਹਿਤ ਕਰਦੀ ਹੈ ਜੋਯੁੱਧ ਪੀੜਤਾਂ ਦੀ ਰੱਖਿਆ ਕਰਦੇ ਹਨ। ਇਸਦਾ ਦਫਤਰ ਜਨੇਵਾ, ਸਵਿਟਜ਼ਰਲੈਂਡ ਵਿੱਚ ਹੈ। ਇੰਟਰਨੈਸ਼ਨਲ ਕਮੇਟੀ ਆਫ ਦਾ ਰੈੱਡ ਕਰਾਸ ਦੁਨੀਆਂ ਭਰ ਦੀਆਂ ਸਰਕਾਰਾਂ ਦੇ ਨਾਲ-ਨਾਲ ਨੈਸ਼ਨਲ ਰੈੱਡ ਕਰਾਸ ਅਤੇ ਰੈੱਡ ਕ੍ਰੀਸੈਂਟ ਸੋਸਾਇਟੀਆਂ ਤੋਂ ਫੰਡ ਪ੍ਰਾਪਤ ਕਰਦੀ ਹੈ। ਭਾਰਤੀ ਰੈੱਡ ਕਰਾਸ ਸੋਸਾਇਟੀ ਦੀ ਸਥਾਪਨਾ :-ਸਾਲ 1920 ਵਿੱਚ ਪਾਰਲੀਮੈਂਟਰੀ ਐਕਟ ਤਹਿਤ ਭਾਰਤ ਵਿੱਚ ਕੀਤੀ ਗਈ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਰੈੱਡਕਰਾਸ ਦੇ ਸੇਵਾਦਾਰ ਭਾਰਤ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਨਿਰਸਵਾਰਥ ਹੋ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇੰਟਰਨੈਸ਼ਨਲ ਰੈੱਡ ਕਰਾਸ ਨੇ ਸਾਲ 1920 ਈ. ਨੂੰ ਇੰਟਰਨੈਸ਼ਨਲ ਰੈੱਡ ਕਰਾਸ ਦਾ ਨਾਅਰਾ ਦਿੱਤਾ ਹੈ 'ਆਪਣੇ ਅੰਦਰ ਵਾਲੰਟੀਅਰ ਲੱਭੋ'।

**ਰੈੱਡ ਕਰਾਸ ਦਾ ਵਿਚਾਰ ਕਿਵੇਂ ਆਇਆ-**

ਰੈੱਡ ਕਰਾਸ ਦਾ ਵਿਚਾਰ ਇੱਕ ਭਿਆਨਕ ਯੁੱਧ ਤੋਂ ਆਇਆ ਸੀ
ਜੌਹਨ ਹੈਨਰੀ ਡੂਨਟ ਇੱਕ ਸਵਿਸ ਉਦਯੋਗਪਤੀ ਸੀ। 1859 ਵਿਚ ਉਹ ਫਰਾਂਸ ਦੇ ਸਮਰਾਟ ਨੈਪੋਲੀਅਨ ਤੀਜੇ ਦੀ ਭਾਲ ਵਿਚ ਨਿਕਲਿਆ। ਉਨ੍ਹੀਂ ਦਿਨੀਂ ਅਲਜੀਰੀਆ ਉੱਤੇ ਫਰਾਂਸ ਦਾ ਕਬਜ਼ਾ ਸੀ। ਹੈਨਰੀ ਡੂਨਟ ਨੂੰ ਉਮੀਦ ਸੀ ਕਿ ਨੈਪੋਲੀਅਨ ਅਲਜੀਰੀਆ ਵਿੱਚ ਵਪਾਰਕ ਅਦਾਰੇ ਖੋਲ੍ਹਣ ਵਿੱਚ ਉਸਦੀ ਮਦਦ ਕਰੇਗਾ। ਪਰ ਡੂਨਟ ਨੂੰ ਸਮਰਾਟ ਨੈਪੋਲੀਅਨ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ। ਇਸ ਦੌਰਾਨ ਉਹ ਇਟਲੀ ਗਿਆ ਜਿੱਥੇ ਉਸਨੇ ਸੋਲਫੇਰੀਨੋ ਦੀ ਲੜਾਈ ਦੇਖੀ। ਉਸ ਯੁੱਧਵਿੱਚ ਇੱਕ ਦਿਨ ਵਿੱਚ 40,000 ਤੋਂ ਵੱਧ ਸੈਨਿਕ ਮਾਰੇ ਗਏ ਅਤੇ ਜ਼ਖਮੀ ਹੋਏ। ਡੂਨਟ ਨੇ 1859 ਵਿੱਚ ਸੋਲਫੇਰੀਨੋ (ਉੱਤਰੀ ਇਟਲੀ ਵਿੱਚ) ਦੇ ਜੰਗ ਦੇ ਮੈਦਾਨ ਵਿੱਚ ਛੱਡੇ ਗਏ ਜ਼ਖਮੀ ਸਿਪਾਹੀਆਂ ਦੇ ਦੁੱਖ ਨੂੰ ਦੇਖਿਆ। ਜਨੇਵਾ ਵਾਪਸ ਆਉਣ ਤੇ, ਉਸਨੇ ਸੋਲਫੇਰੀਨੋ ਦੀ ਇੱਕ ਯਾਦ ਦੀ ਰਚਨਾ ਕੀਤੀ। ਇਹ ਯੁੱਧ ਦੀ ਭਿਆਨਕਤਾ ਬਾਰੇ ਸੀ ਕਿ ਉਸਨੇ ਜੰਗ ਵਿੱਚ ਜ਼ਖਮੀ ਹੋਏ ਲੋਕਾਂ ਦੀ ਮਦਦ ਕਰਨ ਲਈ ਸਮਰਪਿਤ ਇੱਕ ਸੰਗਠਨ ਨੂੰ ਦੇਖਿਆ ਅਤੇ ਪ੍ਰਸਤਾਵਿਤ ਕੀਤਾ। ਫਰਵਰੀ 1863 ਵਿਚ, ਡੂਨਟ ਦੇ ਪ੍ਰਸਤਾਵਾਂ ਦਾ ਅਧਿਐਨ ਕਰਨ ਲਈ ਪੰਜ-ਮੈਂਬਰੀ ਕਮੇਟੀ ਦੀ ਮੀਟਿੰਗ ਹੋਈ। ਅਕਤੂਬਰ 1863 ਵਿੱਚ, ਇੱਕ ਅੰਤਰਰਾਸ਼ਟਰੀ ਕਾਨਫਰੰਸ ਨੇ ਜ਼ਖਮੀ ਸੈਨਿਕਾਂ ਲਈ ਰਾਹਤ ਸੁਸਾਇਟੀ ਦੀ ਸਥਾਪਨਾ ਕੀਤੀ। ਦਸ ਮਤੇ ਅਪਣਾਏ ਅਤੇ 'ਰੈੱਡ ਕਰਾਸ' ਨੂੰ ਇਕਸਾਰ ਵਿਲੱਖਣ ਚਿੰਨ੍ਹ ਵਜੋਂ ਬਣਾਇਆ। ਬਾਅਦ ਵਿੱਚ, ਅਗਸਤ 1864 ਵਿੱਚ, ਇੱਕ ਕੂਟਨੀਤਕ ਕਾਨਫਰੰਸ ਬੁਲਾਈ ਗਈ, ਜਿਸ ਨੇ ਪ੍ਰਸਤਾਵਾਂ ਨੂੰ ਸੰਧੀ ਦੀਆਂ ਸ਼ਰਤਾਂ ਵਿੱਚ ਬਦਲ ਦਿੱਤਾ। ਇਸਨੇ ਪਹਿਲੇ ਜਨੇਵਾ ਕਨਵੈਨਸ਼ਨ ਨੂੰ ਅਪਣਾਇਆ ਜਿਸ ਨੇ ਸਫੈਦ ਬੈਕਗ੍ਰਾਊਂਡ 'ਤੇ ਰੈੱਡ ਕਰਾਸ ਨੂੰ ਇੱਕ ਵਿਲੱਖਣ ਪ੍ਰਤੀਕ ਵਜੋਂਮਾਨਤਾ ਦਿੱਤੀ। ਰੈੱਡ ਕਰਾਸ ਸੰਸਥਾ ਦੀ ਪਹਿਚਾਣ ਲਈ ਨਿਸ਼ਾਨ-:ਇਸ ਸੰਸਥਾ ਦੀ ਪਛਾਣ ਲਈ, ਚਿੱਟੀ ਧਾਰੀ 'ਤੇ ਲਾਲ ਰੰਗ ਦੇ ਕਰਾਸ ਦੇ ਨਿਸ਼ਾਨ ਨੂੰ ਮਾਨਤਾ ਦਿੱਤੀ ਗਈ ਸੀ। ਅੱਜ ਇਹ ਪ੍ਰਤੀਕ ਵਿਸ਼ਵ ਭਰ ਵਿੱਚ ਦੁਖੀ ਮਨੁੱਖਤਾ ਦੀ ਸੇਵਾ ਦਾ ਪ੍ਰਤੀਕ ਬਣ ਗਿਆ ਹੈ। ਇਸ ਦੇ ਨਾਲ ਹੀ ਰੈੱਡ ਕਰਾਸ ਦੀ ਪਹਿਲਕਦਮੀ 'ਤੇ 1937 ਵਿਚ ਅਮਰੀਕਾ ਵਿਚ ਦੁਨੀਆ ਦਾ ਪਹਿਲਾ ਬਲੱਡ ਬੈਂਕ ਖੋਲ੍ਹਿਆ ਗਿਆ ਸੀ। ਅੱਜ, ਦੁਨੀਆਂ ਦੇ ਜ਼ਿਆਦਾਤਰ ਬਲੱਡ ਬੈਂਕ ਰੈੱਡ ਕਰਾਸ ਅਤੇ ਇਸ ਨਾਲ ਸੰਬੰਧਿਤ ਸੰਸਥਾਵਾਂ ਦੁਆਰਾ ਸੰਚਾਲਿਤ ਕੀਤੇ ਜਾਂਦੇ ਹਨ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ ਮੋ:- 99155-94111

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com